੧ ੴ ਵਾਹਿਗੁਰੂ ਜੀ ਕੀ ਫ਼ਤਹਿ ।।

# ਪ੍ਰਧਾਨਗੀ ਭਾਸ਼ਨ

ਸ੍ਰੀਮਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ,

ਜੋ

## 18ਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦੇ ਪੰਡਾਲ

ਭਾਈ ਰਣਧੀਰ ਸਿੰਘ ਨਗਰ ਲੁਧਿਆਣਾ

ਵਿਖੇ

28-10-78 ਨੂੰ ਲੱਖਾਂ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ

ਪੜ੍ਹਿਆ ਗਿਆ ।

ਜ: ਜਗਦੇਵ ਸਿੰਘ ਤਲਵੰਡੀ



ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਪ੍ਰਧਾਨ ਅਠਾਰਵੀਂ ਸਰਬ ਹਿੰਦ ਅਕਾਲੀ ਕਾਨਫ੍ਰੰਸ

ਲੁਧਿਆਣਾ

ਪ੍ਰਕਾਸ਼ਕ —

ਅਜਮੇਰ ਸਿੰਘ ਸਕੱਤਰ, ਸ਼ਰੋਮਣੀ ਅਕਾਲੀ ਦਲ

ੴ ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਚੇਅਰਮੈਨ ਤੇ ਮੈਂਬਰਾਨ ਸੁਆਗਤ ਕਮੇਟੀ,

ਡੈਲੀਗੇਟ ਭਰਾਵੋ, ਭੈਣੋ ਅਤੇ ਸਤਿਕਾਰ ਯੋਗ ਖਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਭ ਤੋਂ ਪਹਿਲਾਂ ਮੈਂ ਸਿਰਲਥ ਜੋਧਿਆਂ ਦੀ ਮਹਾਨ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਸਤਿਕਾਰ ਯੋਗ ਡੈਲੀਗੇਟਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਸ਼੍ਰੋਮਣੀ ਅਕਾਲੀ ਦਲ ਦਾ ਪਰਧਾਨ ਚੁਣ ਕੇ ਇਹ ਮਾਣ ਬਖਸ਼ਿਆ ਹੈ. ਇਸ ਤਾਰੀਖੀ ਇਕੱਠ ਦੀ ਸ਼ਾਨ ਨੂੰ ਵੇਖ ਕੇ ਨਿਰਸੰਦੇਹ ਮੇਰਾ ਮਨ ਗੱਦਗੱਦ ਹੋ ਰਿਹਾ ਹੈ । ਜਿਸ ਉਤਸ਼ਾਹ, ਪਿਆਰ ਹੁਲਾਸ ਤੇ ਮਾਣ ਨਾਲ ਤੁਸਾਂ ਮੈਨੂੰ ਨਿਵਾਜਿਆ, ਪਿਆਰਿਆ ਤੇ ਸਤਿਕਾਰਿਆ ਹੈ, ਉਸ ਲਈ ਮੈਂ ਆਪ ਦਾ ਹਾਰਦਿਕ ਰਿਣੀ ਹਾਂ ।

18ਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਦੇ ਇਸ ਤਾਰੀਖੀ ਸਮਾਗਮ ਦੇ ਇਤਿਹਾਸਕ ਜਲੂਸ ਦੀ ਅਦੁੱਤੀ ਸਫਲਤਾ ਅਤੇ ਸ਼ਾਨਦਾਰ ਫਬ ਲਈ ਮੈਂ ਤੁਹਾਨੂੰ ਵਧਾਈ ਦਿੰਦਾ ਹਾਂ, ਸੁਵਾਗਤ ਕਮੇਟੀ ਨੇ ਏਡੇ ਵੱਡੇ ਪੰਡਾਲ, ਰਿਹਾਇਸ਼ ਲਈ ਜੋ ਭਰਪੂਰ ਜਤਨ ਕੀਤੇ ਹਨ, ਮੈਂ ਉਨ੍ਹਾਂ ਦੀ ਪ੍ਰਸੰਸਾ ਤੇ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ । ਸਾਰੇ ਦੇਸ਼ ਦੇ ਅਤੇ ਪਰਦੇਸ਼ਾਂ ਤੋਂ ਜਿਸ ਸਿਦਕ ਤੇ ਪੰਥਕ ਜਜਬੇ ਦੀ ਮਸਤੀ ਦੇ ਹੁਲਾਰਿਆਂ ਨਾਲ, ਆਪ ਇਥੇ ਪੁਜੇ ਹੋ, ਉਸ ਨੂੰ ਤੱਕ ਕੇ ਮੈਂ ਕਹਿ ਸਕਦਾ ਹਾਂ ਕਿ ਕਲਗੀਧਰ ਪਿਤਾ ਦਾ ਇਹ ਸਾਜਿਆ ਨਿਵਾਜਿਆ ਪੰਥ ਸਦਾ ਚੜ੍ਹਦੀ ਕਲਾ ਵਲ ਜਾਵੇਗਾ ਤੇ ਇਹ ਆਰਜੀ ਝੱਖੜ ਝੋਲੇ ਤੇ ਹਨੇਰੀਆਂ, ਬਦਲਾਂ ਵਾਂਗ ਛਿੰਨ ਭਿੰਨ ਹੋ ਜਾਣਗੇ । ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ 58 ਸਾਲਾ ਇਕ ਅਜਿਹਾ ਇਤਿਹਾਸ ਹੈ, ਜਿਸ ਦੀ ਮਿਸਾਲ, ਸ਼ਾਇਦ ਹੀ ਕਿਸੇ ਹੋਰ ਜਥੇਬੰਦੀ ਵਿਚ ਮਿਲਦੀ ਹੋਵੇ, ਇਹ ਇਤਿਹਾਸ ਸੰਗਰਾਮਾਂ, ਸੰਘਰਸ਼ਾਂ, ਮੋਰਚਿਆਂ, ਜਲੂਸਾਂ ਕੁਰਬਾਨੀਆਂ, ਸ਼ਹੀਦੀਆਂ ਤੇ ਜਿੱਤਾਂ ਦਾ ਇਤਿਹਾਸ ਰਿਹਾ ਹੈ, ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਵਿਚ ਸ਼੍ਰੋਮਣੀ ਅਕਾਲੀ ਦਲ ਮੁਹਰਲੀ ਕਤਾਰ ਵਿਚ

ਹੋ ਕੇ ਲੜਿਆ ਹੈ, ਫਾਂਸੀਆਂ ਦੇ ਰੱਸੇ ਤੇ ਜਿਹਲਾਂ ਦੀਆਂ ਕਾਲ ਕੋਠੜੀਆਂ ਗੁਵਾਹ ਹਨ ਕਿ ਕਿੰਨੇ ਅਕਾਲੀ ਦੇਸ਼ ਭਗਤਾਂ ਨੇ ਫਾਂਸੀਆਂ ਉਤੇ ਝੂਟੇ ਲਏ ਹਨ । ਅਕਾਲੀ ਦਲ ਨੇ ਬਾਬਾ ਖੜਕ ਸਿੰਘ, ਝਬਾਲੀਏ ਵੀਰ, ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਮਾ. ਸੁੰਦਰ ਸਿੰਘ ਲਾਇਲਪੁਰੀ, ਸ. ਮੰਗਲ ਸਿੰਘ ਅਕਾਲੀ, ਦਰਸ਼ਨ ਸਿੰਘ ਫੇਰੂਮਾਨ, ਜ: ਊਧਮ ਸਿੰਘ ਨਾਗੋਕੇ, ਬਾਬੂ ਲਾਭ ਸਿੰਘ, ਗਿ: ਕਰਤਾਰ ਸਿੰਘ, ਸੰਤ ਫਤਹ ਸਿੰਘ ਤੇ ਸੰਤ ਚੰਨਣ ਸਿੰਘ ਵਰਗੇ ਮਹਾਨ ਵਿਅਕਤੀ ਤੇ ਦੇਸ਼ ਭਗਤ ਪੰਥਕ ਆਗੂ ਪੈਦਾ ਕੀਤੇ ਹਨ. ਸੱਚੀ ਗੱਲ ਤਾਂ ਇਹ ਹੈ ਕਿ ਅਜ਼ਾਦੀ ਦੇ ਸੰਗਰਾਮ ਵਿਚ ਅਕਾਲੀ ਦਲ ਹਰਿਆਵਲ ਦਸਤੇ ਦਾ ਕੰਮ ਕਰਦਾ ਰਿਹਾ ਹੈ। ਕਈ ਥਾਵਾਂ ਤੇ ਅੰਗਰੇਜ਼, ਇੰਡੀਅਨ ਨੈਸ਼ਨਲ ਕਾਂਗਰਸ ਦੇ ਕਈ ਸਮਾਗਮਾਂ ਨੂੰ ਆਪਣੇ ਟੋਡੀਆਂ ਪਾਸੋਂ ਛਿਨ ਭਿੰਨ ਕਰਾਉਣ ਦਾ ਜਤਨ ਕਰਦਾ ਸੀ, ਪਰ ਸ਼੍ਰੋ. ਅਕਾਲੀ ਦਲ ਦੇ ਬਹਾਦਰ ਵਾਲੰਟੀਅਰ ਪੰਜ ਪੰਜ ਸੌ ਜਥਿਆਂ ਵਿਚ ਪੁਜ ਕੇ ਉਹਨਾਂ ਸਮਾਗਮਾਂ ਨੂੰ ਸਫਲਤਾ ਪੂਰਵਕ ਨਿਭਾਉਂਦੇ ਸਨ। ਅਜ਼ਾਦੀ ਦੀ ਪਰਾਪਤੀ ਤੇ ਅਜ਼ਾਦੀ ਦੀ ਰਖਿਆ ਲਈ ਅਕਾਲੀ ਦਲ ਦਾ ਜੋ ਮਹਾਨ ਯੋਗਦਾਨ ਹੈ, ਉਹ ਕਿਸੇ ਹੋਰ ਪਾਰਟੀ ਦੇ ਹਿਸੇ ਨਹੀਂ ਆਇਆ। ਇਹ ਇਕ ਅਜਿਹੀ ਜਥੇਬੰਦੀ ਹੈ ਜੋ ਅਗਾਹਾਂ ਵਧੂ, ਸਰਬਤ ਦਾ ਭਲਾ ਮੰਗਣ ਵਾਲੀ, ਨਾਮ ਜਪਣ, ਵੰਡ ਛਕਣ ਤੇ ਕ੍ਰਿਤ ਕਰਨ ਦੇ ਸੁਨਹਿਰੀ ਅਸੂਲਾਂ ਤੇ ਅਧਾਰਿਤ ਹੈ ਅਤੇ ਦੇਸ਼ ਤੇ ਪੰਥ ਦੀ ਸੇਵਾ ਲਈ ਸਦਾ ਤਤਪਰ ਹੈ ਤੇ ਤਤਪਰ ਰਹੇਗੀ, ਦਰਦ ਤੇ ਪੀੜਾਂ ਦੀ ਜਾਂ ਕੋਈ ਦਰਦਨਾਕ ਅਵਾਜ਼ ਪਸ਼ਾਵਰ ਦੇ ਕਿੱਸਾਖਾਨੀ ਬਾਜ਼ਾਰ ਤੋਂ ਸੁਰਖ ਪੋਸ਼ਾਂ ਤੇ ਹੋ ਰਹੇ ਜ਼ੁਲਮ ਦੇ ਫੱਲ ਸਰੂਪ ਆਈ, ਤਾਂ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਸੌ ਸਿੰਘਾਂ ਦਾ ਜੱਥਾ ਲੈ ਕੇ ਗਏ, ਜੋ ਹਰਿਆਣੇ ਵਲੋਂ ਜਮਹੂਰੀਅਤ ਦਾ ਗਲਾ ਘੁਟਿਆ ਗਿਆ ਤਾਂ ਅਕਾਲੀ ਦਲ ਮੈਦਾਨ ਵਿਚ ਨਿਤਰਿਆ।

✲

ਸਿੰਘੋ ! ਅਸੀਂ ਅੱਜ ਤੋਂ 10 ਕੁ ਸਾਲ ਪਹਿਲਾਂ ਬਟਾਲੇ ਵਿਖੇ 17ਵੀਂ ਸਰਬਹਿੰਦ ਅਕਾਲੀ ਦਲ ਦੇ ਸਮਾਗਮ ਵਿਚ ਇਕਠੇ ਹੋਏ ਸਾਂ, ਇੰਨਾਂ ਦੱਸਾਂ ਸਾਲਾਂ ਵਿਚ ਬੜੀਆਂ ਤਬਦੀਲੀਆਂ ਤੇ ਇਨਕਲਾਬ ਆਏ ਹਨ ਤੇ ਹੁਣ ਮੈਂ ਮਾਣ ਨਾਲ ਅਨੁਭਵ ਕਰਦਾ ਹਾਂ ਕਿ ਇਹ ਮਹਾਨ ਇਕੱਠ ਵਰਤਮਾਨ ਹਾਲਾਤ ਤੇ ਵਿਚਾਰ ਕਰਨ ਲਈ ਨਾਮ ਰਸੀਏ, ਮਹਾਨ ਕੀਰਤਨੀਏ, ਸੁਤੰਤਰਤਾ ਸੰਗਰਾਮੀਏ, ਦੇਸ਼ ਭਗਤ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਸਥਾਪਤ ਕੀਤੇ ਪੰਡਾਲ ਵਿਚ ਖਾਲਸਾ ਪੰਥ ਦੇ 18ਵੇਂ ਸਮਾਗਮ ਦੇ ਰੂਪ ਵਿਚ ਇਕੱਤਰ ਹੋ ਰਿਹਾ ਹੈ।

✲

## ਨਕਲੀ ਨਿਰੰਕਾਰੀ

ਸਚ ਮੁੱਚ ਅਸੀਂ ਬੜੇ ਨਾਜ਼ਕ ਸਮੇਂ ਏਸ ਸੰਮੇਲਨ ਵਿਚ ਇਕਠੇ ਹੋਏ ਹਾਂ, ਸਮਾਂ ਬੜਾ ਗੰਭੀਰ ਤੇ ਸੋਚਨੀਯ ਹੈ, ਸਭ ਤੋਂ ਪਹਿਲਾਂ ਮੇਰਾ ਮਨ ਸ੍ਰੀ ਅੰਮ੍ਰਿਤਸਰ ਦੇ ਤੇ ਕਾਨਪੁਰ

ਦੇ ਮਹਾਨ ਸ਼ਹੀਦਾਂ ਵੱਲ ਜਾਂਦਾ ਹੈ । ਜਿਨ੍ਹਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਮਾਨ ਮਰਿਯਾਦਾ, ਮਹਾਨਤਾ, ਤੇ ਗੋਰਵਤਾ ਨੂੰ ਬਰਕਰਾਰ ਰਖਣ ਲਈ ਪੁਰਅਮਨ ਤੇ ਸ਼ਾਂਤ ਰਹਿ ਕੇ ਸ਼ਹੀਦੀ ਪੱਦ ਪ੍ਰਾਪਤ ਕੀਤਾ ਹੈ, ਇੰਨਾਂ ਸ਼ਹੀਦੀਆਂ ਨੇ ਸਮੂਚੇ ਖਾਲਸਾ ਪੰਥ ਨੂੰ ਝੰਜੋੜ ਕੇ ਰੱਖ ਦਿਤਾ ਹੈ ਅਤੇ ਸਿੱਖ ਪੰਥ ਨੂੰ ਤਿਆਗ ਤੇ ਕੁਰਬਾਨੀ ਦਾ ਭੁਲ ਰਿਹਾ ਸਬਕ ਮੁੜ ਪੜ੍ਹਾਇਆ ਹੈ, ਅਤੇ ਧਰਮ ਲਈ ਆਪਾ ਵਾਰਨ ਦਾ ਮਾਰਗ ਦਰਸਾਇਆ ਹੈ, ਹੰਸੂ ਹੰਸੂ ਅਪਣੇ ਪਿਆਰੇ ਧਰਮ ਲਈ ਹਤਿਆਰਿਆਂ ਦੀਆਂ ਗੋਲੀਆਂ ਨਾਲ ਭੁੰਨੇ ਜਾਣਾ ਕੇਵਲ ਸਿੱਖ ਪੰਥ ਦੇ ਹਿਸੇ ਵਿਚ ਆਇਆ ਹੈ। ਮੈਂ ਅੰਮ੍ਰਿਤਸਰ ਅਤੇ ਕਾਨਪੁਰ ਦੇ ਸ਼ਹੀਦਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਇੰਨਾਂ ਨੂੰ ਨਮਸਕਾਰ ਕਰਦਾ ਹਾਂ। ਬੱਲੇ ਓਇ ਕਲਗੀਧਰ ਦੇ ਲਾਡਲੇ ਸਪੂਤੋ। ਤੁਸੀਂ ਸ਼ਾਂਤਮਈ ਰਹਿ ਕੇ ਸ਼ਹੀਦੀ ਪ੍ਰਾਪਤ ਕਰਕੇ ਸਿੱਖ ਪੰਥ ਦੀ ਰੱਖ ਵਖਾਈ ਹੈ। ਤੁਸਾਂ ਨ ਕੇਵਲ ਕੁਫਰ-ਕਪਟ, ਕੂੜ, ਸ਼ੈਤਾਨੀਅਤ, ਪਾਖੰਡ, ਦੇਹਧਾਰੀ ਗੁਰੂ ਦੇ ਦੰਭ ਦੀ ਫੋਕੀ ਦੁਕਾਨ ਦਾ ਪਾਜ ਹੀ ਉਘੇੜ ਕੇ ਰੱਖ ਦਿਤਾ ਹੈ, ਸਗੋਂ ਸਾਰੇ ਸੰਸਾਰ ਨੂੰ ਦੱਸ ਦਿੱਤਾ ਹੈ ਕਿ ਇਹ ਨਕਲੀ ਨਿਰੰਕਾਰੀ ਨੀਚ ਕਾਮਨਾਵਾਂ ਦੀ ਪੂਰਤੀ ਦਾ ਇਕ ਕੇਂਦਰ ਹੈ, ਇਹ ਬਾਮ ਮਾਰਗੀ ਕਿਸਮ ਦਾ ਇਕ ਟੋਲਾ ਹੈ, ਜੋ ਭਾਰਤ ਦੀ ਪੁਰਾਣੀ ਸਭਿਅਤਾ, ਰਹੁਰੀਤ, ਧਰਮ ਕਰਮ, ਤੇ ਅਧਿਆਤਮਕਵਾਦ ਨੂੰ ਇਕ ਚਣੌਤੀ ਹੀ ਨਹੀਂ ਸਗੋਂ ਦੇਸ਼ ਦੀ ਸਲਾਮਤੀ ਤੇ ਅਮਨ ਲਈ ਇਕ ਖਤਰਾ ਵੀ ਹੈ। ਮਾਨਵਤਾ ਤੇ ਧਰਮ ਦੇ ਨਾਮ ਨੂੰ ਕਲੰਕਿਤ ਕਰਨ ਵਾਲੇ ਇਹ ਦੁਰਾਚਾਰੀ ਕਿਸੇ ਵੀ ਦੇਸ਼ ਤੇ ਧਰਮ ਲਈ ਲਾਹਨਤ ਹਨ। ਸਾਡੇ ਵੀਰ ਜੋਧੇ ਤਾਂ ਸ਼ਹੀਦੀ ਪਾ ਗਏ, ਪਰ ਦੁਨੀਆਂ ਭਰ ਨੂੰ ਦਰਸਾ ਗਏ ਹਨ, ਕਿ ਨਕਲੀ ਨਿਰੰਕਾਰੀ ਪਾਖੰਡ ਮਕਰ, ਫਰੇਬ ਤੇ ਸ਼ੈਤਾਨੀਅਤ ਦੇ ਇਕ ਅੱਡੇ ਤੋਂ ਵਧੀਕ ਹੋਰ ਕੁਝ ਵੀ ਨਹੀਂ। ਮੈਂ ਇਸ ਸਮਾਗਮ ਉਤੇ ਆਈਆਂ ਸਿੱਖ ਸੰਗਤਾਂ ਤੇ ਪੰਥ ਦੇ ਪ੍ਰਤੀਨਿਧਾਂ ਨੂੰ ਅਨਰੋਧ ਕਰਾਂਗਾ, ਕਿ ਉਹ ਆਪਣੇ ਆਪਣੇ ਕਾਰਜ ਖੇਤਰ ਅਤੇ ਅਸਰ ਰਸੂਖ ਦੇ ਘੇਰੇ ਵਿਚ ਨਕਲੀ ਨਿਰੰਕਾਰੀਆਂ ਦੇ ਪਾਖੰਡ ਦਾ ਪਾਜ ਖੋਹਲਣ ਅਤੇ ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਵਿਰੁਧ ਜ਼ੋਰਦਾਰ ਪਰਚਾਰ ਕਰਨ ਤੇ ਲਿਟਰੇਚਰ ਛਾਪ ਕੇ ਵੰਡਣ, ਸ਼੍ਰੋ: ਗੁ: ਪ੍ਰ: ਕਮੇਟੀ ਨੇ ਦੇਸ਼ ਦੀਆਂ ਵਖੋ ਵਖ ਭਸ਼ਾਵਾਂ ਵਿਚ ਭਾਰੀ ਲਿਟਰੇਚਰ ਲਿਖਕੇ ਨਕਲੀ ਨਿਰੰਕਾਰੀਆਂ ਦੇ ਢੋਲ ਦਾ ਪੋਲ ਖੋਲ੍ਹਿਆ ਹੈ। ਮੈਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਇਸ ਉਦਮ ਦੀ ਸ਼ਲਾਘਾ ਕਰਦਾ ਹਾਂ, ਤੇ ਅਪੀਲ ਕਰਦਾ ਹਾਂ ਕਿ ਹਰ ਸਿੰਘ ਸਭਾ, ਸਿੱਖ ਸੁਸਾਇਟੀ, ਸਿੱਖ ਸੰਸਥਾ, ਆਪਣੇ ਬਜਟ ਦਾ ਵਡੇਰਾ ਹਿਸਾ, ਨਕਲੀ ਨਿਰੰਕਾਰੀਆਂ ਵਿਰੁਧ ਲਿਟਰੇਚਰ ਛਾਪ ਕੇ ਮੁਫਤ ਵੰਡਣ ਅਤੇ ਲੋਕਾਂ ਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਸੁਚੇਤ ਕਰਾਉਣ ਲਈ ਖਰਚ ਕਰੇ। ਇਹੋ ਅਪੀਲ ਮੈਂ ਸਿੱਖ ਪੰਥ ਦੇ ਬੁਧੀਜੀਵੀਆਂ, ਵਿਦਵਾਨਾਂ, ਪ੍ਰਚਾਰਕਾਂ, ਗੁਣੀ ਗਿਆਨੀਆਂ, ਸੰਤ ਸਮਾਜ ਦੇ ਮਹਾਂ ਪੁਰਖਾਂ ਤੇ ਪੜੇ ਲਿਖੇ ਨੌਜਵਾਨਾਂ ਨੂੰ ਵੀ ਕਰਦਾ ਹਾਂ ਕਿ ਨਕਲੀ ਨਿਰੰਕਾਰੀਆਂ ਦੇ ਸ਼ੀਸ਼ ਮਹਿਲ ਨੂੰ ਗੁਰਮਤਿ ਸਿਧਾਂਤ ਅਤੇ ਸਿਖ ਫਲਸਫੇ ਦੇ ਬਾਰੂਦ ਅਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਦੀ

ਮਹਾਨ ਪਵਿੱਤਰ ਬਾਣੀ ਦੇ ਬਾਣਾਂ ਰਾਹੀਂ ਚੂਰ ਚੂਰ ਕਰ ਦੇਣ। ਮੈਂ ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ ਨੂੰ ਵੀ ਸੁਚੇਤ ਹੋਣ ਦੀ ਅਪੀਲ ਕਰਾਂਗਾ ਤੇ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਕਰਾਂਗਾ ਕਿ ਨਕਲੀ ਨਿਰੰਕਾਰੀਆਂ ਦੀਆਂ ਕਾਲੀਆਂ ਕਰਤੂਤਾਂ ਤੇ ਖਤਰਨਾਕ ਲਿਟਰੇਚਰ ਵਿਰੁਧ ਕਾਨੂੰਨੀ ਡੰਡੇ ਦਾ ਵੀ ਪਰਯੋਗ ਕਰਨਾ ਜ਼ਰੂਰੀ ਹੈ। ਪੰਜਾਬ ਸਰਕਾਰ ਨੇ ਕੁਝ ਕਦਮ ਚੁਕੇ ਹਨ, ਪਰ ਹੋਰ ਦ੍ਰਿੜ੍ਹਤਾ, ਦਲੇਰੀ ਤੇ ਸੰਜੀਦਗੀ ਨਾਲ ਹੋਰ ਕਰੜੇ ਕਦਮ ਚੁੱਕਣ ਦੀ ਲੋੜ ਮੈਂ ਅਨੁਭਵ ਕਰਦਾ ਹਾਂ, ਮੈਨੂੰ ਇਹ ਕਹਿਣ ਵਿਚ ਵੀ ਮਾਣ ਹੈ ਕਿ ਅੰਮ੍ਰਿਤਸਰ ਤੇ ਕਾਨਪੁਰ ਦੇ ਖ਼ੂਨੀ ਤੇ ਦੁਖਾਂਤ ਸਾਕਿਆਂ ਦੇ ਬਾਵਜੂਦ, ਜੋ ਜਬਤ, ਸਬਰ ਅਤੇ ਡਸਿਪਲਨ ਸ਼ਾਂਤਮਈ ਕਿਰਦਾਰ ਸਿੱਖ ਪੰਥ ਨੇ ਵਿਖਾਇਆ ਹੈ ਕਿ ਉਹ ਕੇਵਲ ਦਸਮ ਪਾਤਸ਼ਾਹ ਦੀ ਇਸ ਉਮੱਤ ਦੇ ਹੀ ਹਿਸੇ ਆ ਸਕਦਾ ਹੈ। ਸਿੱਖ ਪੰਥ ਵਿਚ ਦਸਮ ਪਿਤਾ ਦੀ ਬਖਸ਼ੀ ਹੋਈ ਸ਼ਕਤੀ ਅਤੇ ਪੰਚਮ ਪਾਤਸ਼ਾਹ ਦੀ ਪਰਦਾਨ ਕੀਤੀ ਭਗਤੀ ਤੇ ਸ਼ਾਂਤੀ ਦਾ ਸੰਤੁਲਨ ਹੈ, ਮੈਂ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਰੇ ਪੰਥ ਨੂੰ ਇਸ ਸ਼ਾਨਦਾਰ ਤੇ ਖਾਲਸਾਈ ਕਿਰਦਾਰ ਦੇ ਪ੍ਰਗਟਾਵੇ ਉਤੇ ਵਧਾਈ ਦਿੰਦਾ ਹਾਂ।

## ਪੰਥਕ ਏਕਤਾ

ਪਿਆਰੇ ਖਾਲਸਾ ਜੀਓ, ਸਿੱਖ ਪੰਥ ਇਸ ਵੇਲੇ ਕਈ ਗੰਭੀਰ ਮਸਲਿਆਂ ਨਾਲ ਦੋ ਚਾਰ ਹੈ, ਪਰ ਮੈਂ ਅਨੁਭਵ ਕਰਦਾ ਹਾਂ ਕਿ ਸਭ ਤੋਂ ਮੁਢਲਾ ਮਸਲਾ ਹੈ, ਪੰਥਕ ਏਕਤਾ ਦਾ, ਏਕਤਾ ਵਿਚ ਸਾਡਾ ਭਵਿੱਸ਼ ਤੇ ਏਕਤਾ ਵਿਚ ਹੀ ਸਾਡੇ ਹਿੱਤਾਂ ਦੀ ਸੁਰਖਿਆ ਹੈ, ਦੁਸ਼ਮਨਾਂ ਦੀ ਦੁਸ਼ਮਨੀ ਦੀ ਮੈਨੂੰ ਐਡੀ ਪ੍ਰਵਾਹ ਨਹੀਂ ਜਿੰਨੀ ਚਿੰਤਾਂ ਮੈਨੂੰ ਅੰਦਰੂਨੀ ਫੁੱਟ ਦੀ ਹੈ, ਮੈਂ ਸਿੱਖਾਂ ਦੇ ਮਨਾਂ ਦੀ ਅਵਸਥਾ ਤੇ ਸਿੱਖ ਪੰਥ ਦੀ ਪਰਬਲ ਇੱਛਾ ਦੇ ਭਾਵ ਪੜ੍ਹਕੇ ਇਹ ਕਹਿ ਸਕਦਾ ਹਾਂ ਕਿ ਦੇਸ਼-ਪਰਦੇਸ਼ ਵਿਚ ਜਿਥੇ ਵੀ ਕੋਈ ਸਿੱਖ ਬੈਠਾ ਹੈ, ਉਹ ਪੰਥ ਦੀ ਏਕਤਾ ਲਈ ਤੜਪਦਾ ਤੇ ਅਰਦਾਸ ਕਰਦਾ ਹੈ, ਇਸ ਲਈ ਮੈਂ ਸਮੁਚੇ ਸਿੱਖ ਪੰਥ ਨੂੰ ਸਤਿਕਾਰ ਨਾਲ ਅਪੀਲ ਕਰਦਾ ਹਾਂ ਕਿ ਉਹ ਥਾਂ ਥਾਂ ਏਕਤਾ ਬਣਾਕੇ ਰੱਖਣ। ਅਸੀਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਤੇ ਮਾਤਾ ਸਾਹਿਬ ਕੌਰ ਦੇ ਲਾਡਲੇ ਸਪੂਤ ਹਾਂ। ਸਾਡਾ ਇਸ਼ਟ ਤੇ ਨਿਸ਼ਾਨਾ ਇਕ ਹੀ ਹੈ. ਪੰਥ ਦੀ ਚੜ੍ਹਦੀ ਕਲਾ ਸਾਡੀ ਮੰਜ਼ਲ ਹੈ,ਇਸ ਲਈ ਸਾਡੀ ਏਕਤਾ ਅਤਿਅੰਤ ਜ਼ਰੂਰੀ ਹੈ। ਅਸੀਂ ਆਪਣੀ ਏਕਤਾ ਨਾਲ ਹੀ ਪੰਥ ਦੇ ਵਿਰੋਧੀਆਂ ਵਿਰੁਧ ਲੋਹਾ ਲੈ ਸਕਦੇ ਹਾਂ। ਸੁਵਰਗੀਯ ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ ਕਿ ਦੂਜਿਆਂ ਨੂੰ ਨਿਵਾਉਣ ਲਈ ਆਪਣਿਆਂ ਅਗੇ ਨਿਵਣਾ ਚਾਹੀਦਾ ਹੈ।

ਮੈਂ, ਆਪਣੇ ਸਾਹਮਣੇ ਬੈਠੇ ਲੱਖਾਂ ਪੰਥ ਦਰਦੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪੰਥ ਦੀ ਏਕਤਾ ਤੇ ਪੰਥ ਦੇ ਵਖੋ ਵਖ ਅੰਗਾਂ ਵਿਚ ਏਕਤਾ ਤੇ ਇਕਸਾਰਤਾ ਕਾਇਮ ਰੱਖਣ

ਲਈ ਮੈਂ ਨ ਕੇਵਲ ਸਿਰਤੋੜ ਜਤਨ ਹੀ ਕਰਾਂਗਾ ਬਲਕਿ ਲੋੜ ਪੈਣ ਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਵੀ ਸੰਕੋਚ ਨਹੀਂ ਕਰਾਂਗਾ, ਮੈਂ ਆਪਣੇ ਸਾਥੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਨਿਕੀਆਂ ਨਿਕੀਆਂ ਗੱਲਾਂ ਪਿਛੇ ਆਪਾਂ ਪੰਥ ਦੇ ਵਡੇਰੇ ਲਾਭ ਨੂੰ ਹਾਨੀ ਪਹੁੰਚਾਉਣ ਦੇ ਭਾਗੀ ਨ ਬਣੀਏ। ਏਸ ਵੇਲੇ ਪੰਥ ਦੇ ਵਾਲੀ ਨੇ ਕੁਝ ਮਾਣ ਆਪਣੇ ਪੰਥ ਨੂੰ ਬਖਸ਼ਿਆ ਹੈ, ਸਾਨੂੰ ਰਾਜ ਸੱਤਾ ਬਖਸ਼ੀ ਹੈ, ਏਸ ਸੱਤਾ ਨੂੰ ਪੰਥ ਦੀ ਬਖਸ਼ਿਸ਼ ਸਮਝ ਕੇ ਸਾਂਭ ਕੇ ਕਾਇਮ ਰਖੀਏ ਅਤੇ ਆਪਣੀ ਚੌਧਰ ਲਈ ਪੰਥ ਨੂੰ ਹਾਨੀ ਨ ਪਹੁੰਚਾਈਏ ਕਿਸੇ ਵੀ ਇਕ ਵੱਡੇ ਤੋਂ ਵੱਡੇ ਆਗੂ ਨਾਲੋਂ ਪੰਥ ਵੱਡਾ ਹੈ। ਇਸ ਲਈ ਅਸੀਂ ਪੰਥ ਦੀ ਵਡਿਆਈ ਸਦਾ ਆਪਣੇ ਸਾਹਮਣੇ ਰਖੀਏ ਤੇ ਗੁਰਮਤ ਦੀ ਰੋਸ਼ਨੀ ਵਿਚ ਮੋਢੇ ਨਾਲ ਮੋਢਾ ਜੋੜ ਕੇ ਤੁਰੀਏ ਤਾਂ ਕਿ ਆਪਣੀ ਮੰਜ਼ਲ ਤੇ ਤੋੜ ਪੁਜ ਸਕੀਏ।

## ਸਿੱਖ ਕੌਮ ਨਾਲ ਧੱਕਾ

ਸੁਵਾਗਤ ਕਮੇਟੀ ਦੇ ਚੇਅਰਮੈਨ ਨੇ ਆਪਣੇ ਭਾਸ਼ਨ ਵਿਚ ਸਿੱਖ ਮੰਗਾਂ ਦਾ ਜਿਕਰ ਕੀਤਾ ਹੈ, ਸਾਡਾ ਨਿਸ਼ਾਨਾ ਸਾਫ ਤੇ ਸਿੱਧਾ ਹੈ, ਪੰਜਾਬ ਨੂੰ ਇਕ ਆਦਰਸ਼ਕ ਪ੍ਰਦੇਸ਼ ਨਿਰਮਾਣ ਕਰਨ ਦਾ ਅਸੀਂ ਬੀੜਾ ਚੁਕਿਆ ਹੈ, ਪਰ ਅਸੀਂ ਸਫਲ ਹੋ ਸਕਦੇ ਹਾਂ ਆਪਣੇ ਨਿਸ਼ਾਨੇ ਤੇ ਅਪੜਣ ਲਈ, ਜੇ ਕੇਂਦਰੀ ਸਰਕਾਰ ਵੀ ਸਾਡੇ ਨਾਲ ਇਨਸਾਫ ਕਰੇ। ਦੇਸ਼ ਦੇ ਬਟਵਾਰੇ ਤੋਂ ਬਾਦ, ਸਾਡਾ ਖਿਆਲ ਸੀ ਕਿ ਸਾਡੀਆਂ ਕੁਰਬਾਨੀਆਂ ਤੇ ਦੇਸ਼ ਦੀ ਅਜ਼ਾਦੀ ਵਿਚ ਸਾਡੇ ਸਭ ਤੋਂ ਵਧੇਰੇ ਯੋਗਦਾਨ ਕਾਰਨ ਸਾਨੂੰ ਦੇਸ਼ ਦੀ ਸਰਕਾਰ ਵਲੋਂ ਉਚੇਚਾ ਸਨਮਾਨ ਤੇ ਅਸਥਾਨ ਮਿਲੇਗਾ ਪਰ ਹੋਇਆ ਇਸ ਦੇ ਉਲਟ। ਦੇਸ਼ ਦੀ ਵੰਡ ਕਾਰਨ ਲੱਗੇ ਜ਼ਖਮਾਂ ਚੋਂ ਹਾਲਾਂ ਖੂਨ ਸਿਮਦਾ ਹੀ ਸੀ ਕਿ ਸਾਡੇ ਉਤੇ ਕਰੜੀ ਤੇ ਤਿਰਛੀ ਨਜ਼ਰ ਰਖੀ ਜਾਣ ਲਗੀ। ਸਾਨੂੰ ਡਾਕੂ, ਜ਼ਾਬਰ ਤੇ ਲੁਟੇਰੇ ਕਹਿ ਕੇ ਬਦਨਾਮਿਆ ਗਿਆ, ਸਾਡੇ ਵਿਰੁਧ ਵਿਤਕਰਾ, ਧੱਕਾ ਤੇ ਬੇਇਨਸਾਫੀ ਦੇ ਝਖੱੜ ਝੁਲਣੇ ਸ਼ੁਰੂ ਹੋਏ, ਪੰਜਾਬ ਨਾਲ, ਪੰਜਾਬੀ ਬੋਲੀ ਨਾਲ ਪੰਜਾਬੀਅਤ ਨਾਲ ਤੇ ਸਾਡੇ ਧਰਮ ਵਿਰੁਧ ਵੀ ਧੱਕੇ ਆਰੰਭ ਹੋਏ। ਹੋਰ ਤਾਂ ਹੋਰ ਸਾਡੇ ਪਵਿੱਤਰ ਗੁਰਧਾਮ ਵੀ ਸਰਕਾਰੀ ਧਕੇ ਤੋਂ ਨ ਬਚ ਸਕੇ, ਤੇ ਸਰਕਾਰ ਵਲੋਂ ਨਿਤ ਨਵਾਂ ਦਖਲ ਦਿਤਾ ਜਾਣ ਲੱਗਾ, ਸਾਰੇ ਦੇਸ਼ ਵਿਚ ਬੋਲੀ ਦੇ ਆਧਾਰ ਤੇ ਸੂਬੇ ਬਣਾਏ ਗਏ ਪਰ ਹੱਦ ਬੰਦੀ ਕਮਿਸ਼ਨ ਨੇ ਕਿਹਾ ਕਿ ਉਤੱਰੀ ਭਾਰਤ ਵਿਚ ਬੋਲੀ ਦੇ ਆਧਾਰ ਉਤੇ ਸੂਬੇ ਨਹੀਂ ਬਣਾਏ ਜਾਣਗੇ, ਭਾਵੇਂ ਇਹ ਪੱਖ ਕਿਨਾਂ ਵੀ ਮਜ਼ਬੂਤ ਕਿਉਂ ਨ ਹੋਵੇ। ਪੰਜਾਬੀ ਸੂਬਾ ਜ਼ਿੰਦਾ ਬਾਦ ਦੇ ਨਾਹਰੇ ਉਤੇ ਪਾਬੰਦੀ ਹਟਾਉਣ ਲਈ ਅਕਾਲੀ ਦਲ ਨੂੰ 13 ਹਜ਼ਾਰ ਦੇ ਲਗਪਗ ਸਿੰਘ ਜਿਹਲ ਭੇਜਣੇ ਪਏ, ਪੰਜਾਬੀ ਸੂਬੇ ਦੀ ਹੱਕੀ ਮੰਗ ਲਈ ਸਾਨੂੰ ਇਕ ਲੰਬਾ ਸ਼ੰਘਰਸ਼ ਕਰਨਾ ਪਿਆ ਤੇ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ, ਵਰਗੇ ਮਹਾਨ ਆਗੂਆਂ ਨੂੰ ਤਸੀਹੇ ਝਲਣੇ ਪਏ, ਜੇ ਸਾਡੀ ਮੰਗ ਪ੍ਰਵਾਨ ਕੀਤੀ ਹੀ ਗਈ

ਤਾਂ ਵੀ ਕੂਟਲ ਨੀਤੀ ਦਾ ਵਿਖਾਵਾ ਕੀਤਾ ਗਿਆ ਅਤੇ ਕੁਝ ਪੰਜਾਬੀ ਬੋਲਦੇ ਇਲਾਕੇ ਸਾਡੇ ਕੋਲੋਂ ਖੋਹੇ ਗਏ ਤੇ ਚੰਡੀਗੜ੍ਹ ਵੀ ਸਾਨੂੰ ਨ ਦਿਤਾ ਗਿਆ। ਅਕਾਲੀ ਦਲ ਨੂੰ ਮੁੜ ਸੰਗਰਾਮ ਕਰਨਾ ਪਿਆ, ਸਾਰੇ ਪੰਜਾਬ ਨੇ ਇਕ ਮੁੱਠ ਹੋ ਕੇ ਇਸ ਧੱਕੇ ਵਿਰੁਧ ਘੋਲ ਕੀਤਾ ਮਹਾਨ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ ਤਿਲ ਤਿਲ ਕਰਕੇ ਸ਼ਹੀਦ ਹੋ ਗਿਆ, ਪਰ ਸਾਡੇ ਨਾਲ ਵਿਤਕਰਿਆਂ ਦਾ ਸਿਲਸਲਾ ਹਾਲਾਂ ਵੀ ਜਾਰੀ ਹੈ, ਭਾਰਤ ਦੇ ਰਾਸ਼ਟਰਪਤੀ ਨੇ ਦੇਸ਼ ਦੀਆਂ ਅਨਸੂਚਤ ਜਾਤੀਆਂ ਤੇ ਪਛੜੇ ਵਰਗਾਂ ਲਈ ਕੁਝ ਵਿਸ਼ੇਸ਼ ਰਿਆਇਤਾਂ ਦੇਣ ਦਾ ਐਲਾਨ ਕੀਤਾ, ਪਰ ਸਿੱਖ ਧਰਮ ਦੀ ਵਿਸ਼ੇਸ਼ਤਾ, ਵਿਲਖਣਤਾ, ਤੇ ਨਿਰਮਲ ਵਿਚਾਰ ਧਾਰਾ ਦੀ ਤੇ ਉਚ ਪ੍ਰੇਰਨਾ ਨਾਲ ਜੇ ਕੋਈ ਵਿਅਕਤੀ ਉਪਰੋਕਤ ਜਾਤੀਆਂ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ ਤਾਂ ਉਹ ਉਨ੍ਹਾਂ ਰਿਆਇਤਾਂ ਤੋਂ ਉਸ ਨੂੰ ਵਾਂਝਿਆਂ ਕਰ ਦਿਤਾ ਗਿਆ।

ਇਸ ਅਸੀਮ ਵਿਤਕਰੇ ਵਿਰੁਧ ਵੀ ਮਾਸਟਰ ਤਾਰਾ ਸਿੰਘ ਨੂੰ ਭਾਰਤ ਸਰਕਾਰ ਵਿਰੁਧ ਲੋਹਾ ਲੈਣਾ ਪਿਆ ਤੇ ਮੰਗ ਪਰਵਾਨ ਹੋਣ ਦੇ ਬਾਵਜੂਦ ਪੰਜਾਬ ਤੇ ਬਾਹਰ ਇਹ ਧੱਕਾ ਜਾਰੀ ਹੈ। ਮੈਂ ਮੰਗ ਕਰਦਾ ਹਾਂ ਕਿ ਅਨੁਸੂਚਿਤ ਜਾਤੀਆਂ ਵਿਚੋਂ ਸਿੰਘ ਸਜੇ ਵਿਅਕਤੀਆਂ ਨੂੰ ਵੀ ਅਨੁਸੂਚਿਤ ਜਾਤੀਆਂ ਨੂੰ ਪ੍ਰਾਪਤ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ। ਐਮਰਜੰਸੀ ਵਿਰੁਧ ਅਕਾਲੀ ਦਲ ਦਾ ਯੋਗਦਾਨ ਅਦੁਤੀ ਅਤੇ ਮਹਾਨ ਹੈ, ਪਰ ਐਮਰਜੰਸੀ ਦੇ ਦੌਰਾਨ ਹੋਏ ਧੱਕੇ ਵੀ ਦੂਰ ਨਹੀਂ ਹੋਏ।

ਖਾਲਸਾ ਜੀ, ਮੈਂ ਕਿਥੋਂ ਤਕ ਆਪਣੇ ਨਾਲ ਹੋ ਰਹੇ ਧਕਿਆਂ ਦਾ ਜ਼ਿਕਰ ਕਰਾਂ, ਇਹ ਕਹਾਣੀ ਲੰਬੀ ਵੀ ਤੇ ਦਰਦਨਾਕ ਵੀ! ਸਾਡੇ ਨਾਲ ਫੌਜਾਂ ਵਿਚ ਕੀ ਹੋ ਰਿਹਾ ਹੈ? ਫੌਜੀ ਭਰਤੀ ਵਿਚ ਕੀ ਵਰਤ ਰਿਹਾ ਹੈ? ਤੇ ਫੌਜਾਂ ਵਿਚ ਸਿੱਖੀ ਦਾ ਕੀ ਹਾਲ ਹੈ?

## ਸਾਡੀਆਂ ਮੰਗਾਂ

ਅਸੀਂ ਕਦੇ ਸਰਕਾਰ ਪਾਸੋਂ ਰਿਆਇਤ ਨਹੀਂ ਮੰਗੀ, ਇਨਸਾਫ ਪ੍ਰਾਪਤ ਕਰਨਾ ਸਾਡਾ ਹੱਕ ਹੈ। ਪ੍ਰਧਾਨ ਮੰਤਰੀ ਦੀ ਮੇਜ ਉਤੇ ਰਾਵੀ ਤੇ ਬਿਆਸ ਦੇ ਪ ਣੀਆਂ ਦੇ ਮਸਲੇ ਦੀ ਫਾਈਲ ਪਈ ਹੈ, ਕੁਝ ਲੋਕ ਇਸ ਨੂੰ ਪਾਣੀ ਦਾ ਝਗੜਾ ਦਸਦੇ ਹਨ, ਇਹ ਹਰਗਿਜ਼ ਝਗੜਾ ਨਹੀਂ, ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਹੱਕ ਪੰਜਾਬ ਨੂੰ ਹੈ, ਬਸ! ਇਹੋ ਇਨਸਾਫ ਅਸੀਂ ਮੰਗਦੇ ਹਾਂ। ਇਸ ਲਈ ਮੈਨੂੰ ਆਸ ਹੈ ਕਿ ਸਾਡੇ ਪ੍ਰਧਾਨ ਮੰਤਰੀ, ਪੰਜਾਬ ਨਾਲ ਇਨਸਾਫ ਕਰਨਗੇ। ਅਸੀਂ ਕਿਸੀ ਹਾਲਾਤ ਵਿਚ ਵੀ ਇਹ ਹੱਕ ਛਡਣ ਨੂੰ ਤਿਆਰ ਨਹੀਂ, ਸ੍ਰੀ ਮਤੀ ਇੰਦਰਾ ਗਾਂਧੀ ਦੇ ਇਕ ਪੁਰਖੀ ਰਾਜ ਦੇ ਸੁਫਨਿਆਂ ਨੂੰ ਤਾਰ ਤਾਰ

ਕਰਨ ਲਈ ਅਸੀਂ ਨ ਕੇਵਲ ਲੜੇ ਹਾਂ, ਸਗੋਂ ਸਾਰੇ ਦੇਸ਼ ਦੀ ਅਗਵਾਈ ਕੀਤੀ ਹੈ। ਅਸੀਂ ਲੜੇ ਹਾਂ ਜਮਹੂਰੀਅਤ ਲਈ, ਲੋਕਰਾਜ ਲਈ ਤੇ ਇਨਸਾਫ ਲਈ, ਏਸ ਲਈ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਹੋਇਆ ਧੱਕਾ, ਮੈਨੂੰ ਨਿਸਚਾ ਹੈ ਕਿ ਵਰਤਮਾਨ ਪ੍ਰਧਾਨ ਮੰਤਰੀ ਦੂਰ ਕਰਨਗੇ, ਅਸੀਂ ਆਪਣਾ ਹੱਕ ਮੰਗਦੇ ਹਾਂ, ਕਿਸੇ ਦਾ ਹੱਕ ਲੈਣਾ ਸਾਡੀ ਆਦਤ ਨਹੀਂ, ਅਸੀਂ ਝੂਠ, ਬੇਇਨਸਾਫੀ ਤੇ ਵਿਤਕਰੇ ਵਿਰੁਧ ਸਦਾ ਲੜਦੇ ਆਏ ਹਾਂ।

ਆਸ ਹੈ ਪ੍ਰਧਾਨ ਮੰਤਰੀ, ਦਰਿਆਵਾਂ ਦੇ ਪਾਣੀ ਦਾ ਫੈਸਲਾ ਕਰਨ ਸਮੇਂ ਸ਼ਾਡੇ ਪੱਖ ਨੂੰ ਚੰਗੀ ਤਰ੍ਹਾਂ ਘੋਖਣ ਦੀ ਖੇਚਲ ਕਰਨਗੇ।

## ਸੂਬਿਆਂ ਨੂੰ ਵਧੇਰੇ ਅਧਿਕਾਰ

ਸਾਡੇ ਇਸ ਮੁਕੱਦਮੇ ਵਿਚ ਸਾਡਾ ਗਵਾਹ ਲੋਕ ਨਾਇਕ ਸ੍ਰੀ ਜੈ ਪਰਕਾਸ਼ ਨਰਾਇਣ ਹੈ. ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕੌਮੀ ਦ੍ਰਿਸ਼ਟੀਕੋਣ ਨਾਲ ਵੀ ਹੱਕੀ ਹੈ ਜਦ ਤਕ ਸੂਬੇ ਤਕੜੇ ਨਾ ਹੋਣ, ਕੇਂਦਰ ਕਿੱਦਾਂ ਤਕੜਾ ਰਹਿ ਸਕਦਾ ਹੈ ? ਇਸ ਲਈ ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਪ੍ਰਾਪਤੀ ਲਈ ਸਾਡੀ ਵਿਧਾਨਕ ਲਹਿਰ ਚਾਲੂ ਹੈ ਤੇ ਉਦੋਂ ਤਕ ਚਾਲੂ ਰਹੇਗੀ ਜਦ ਤਕ ਅਸੀਂ ਇਸ ਦੀ ਪ੍ਰਾਪਤੀ ਨਹੀਂ ਕਰ ਲੈਂਦੇ। ਵਧੇਰੇ ਅਧਿਕਾਰਾਂ ਦੀ ਮੰਗ ਕਈ ਹੋਰ ਪਾਰਟੀਆਂ ਤੇ ਰਾਜਾਂ ਨੇ ਵੀ ਮੰਗੀ ਹੈ। ਅਨਾ ਡੀ.ਐਮ.ਕੇ., ਡੀ.ਐਮ. ਕੇ. ਦਖਣੀ ਭਾਰਤ, ਪੱਛਮੀ ਭਾਰਤ, ਪੱਛਮੀ ਬੰਗਾਲ ਤੇ ਕੁਝ ਹੋਰ ਪਾਰਟੀਆਂ ਤੇ ਪਰਦੇਸ਼ ਵੀ ਮੰਗਦੇ ਹਨ ਉਨ੍ਹਾਂ ਦੀ ਇਸ ਮੰਗ ਉਤੇ ਕਦੇ ਕਿੰਤੂ ਪ੍ਰੰਤੂ ਨਹੀਂ ਹੁੰਦਾ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਮੰਗ ਜੇ ਅਕਾਲੀ ਦਲ ਮੰਗਦਾ ਹੈ ਤਾਂ ਇਸ ਨੂੰ ਮੰਦੇ ਭਾਗਾਂ ਦੀ ਗੱਲ ਹੈ ਕਿ ਅਲੈਹਦਗੀ ਪਸੰਦ ਰੁਹਜਾਨ ਦਸਿਆ ਜਾਂਦਾ ਹੈ। ਉਸੇ ਤਰ੍ਹਾਂ ਜਿਵੇਂ ਪੰਜਾਬੀ ਸੂਬੇ ਦੀ ਮੰਗ ਸਮੇਂ ਇਹ ਗਲਤ ਪਰਚਾਰ ਕੀਤਾ ਜਾਂਦਾ ਸੀ ਕਿ ਪੰਜਾਬੀ ਸੂਬੇ ਵਿਚ ਹਿੰਦੂ ਤੇ ਦੂਜੀਆਂ ਘੱਟ ਗਿਣਤੀਆਂ ਨੂੰ ਰਹਿਣ ਨਹੀਂ ਦਿਤਾ ਜਾਵੇਗਾ, ਪ੍ਰੰਤੂ ਸਾਰੇ ਸੰਸਾਰ ਨੇ ਵੇਖ ਲਿਆ ਕਿ ਪੰਜਾਬੀ ਸੂਬੇ ਵਿਚ ਹਿੰਦੂ, ਸਿੱਖ ਅਤੇ ਸਾਰੇ ਪੱਛੜੇ ਵਰਗ ਕਿਸ ਪ੍ਰੇਮ ਪਿਆਰ ਨਾਲ ਰਹਿੰਦੇ ਹਨ। ਸਟੇਟ ਅਟਾਨੌਮੀ ਦੀ ਮੰਗ ਵਿਧਾਨਕ ਅਤੇ ਦੇਸ਼ ਦੇ ਹਿਤਾਂ ਅਨੁਸਾਰ ਹੈ। ਸ਼੍ਰੋਮਣੀ ਅਕਾਲੀ ਦਲ ਦਾ ਨਿਸਚਾ ਹੈ ਕਿ ਇਸ ਨਾਲ ਨ ਕੇਵਲ ਰਾਜ ਸਰਕਾਰਾਂ ਸ਼ਕਤੀਸ਼ਾਲੀ ਹੋਣਗੀਆਂ, ਸਗੋਂ ਕੇਂਦਰ ਵੀ ਮਜ਼ਬੂਤ ਹੋਵੇਗਾ।

# ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ

ਵਰਤਮਾਨ ਪੰਜਾਬ, ਨਿਰੋਲ ਪੰਜਾਬੀ ਬੋਲੀ ਦੇ ਆਧਾਰ ਤੇ ਬਣਾਇਆ ਗਿਆ ਹੈ, ਪਰ ਕੁਝ ਚਾਲਾਕ ਨੀਤੀਵਾਨਾਂ ਨੇ ਜਾਣ ਬੁਝ ਕੇ ਕੁਝ ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ, ਪੰਜਾਬ ਤੋਂ ਬਾਹਰ ਰਖ ਲਿਆ, ਇਸ ਤੋਂ ਵੱਡਾ ਹਨੇਰ ਹੋਰ ਕੀ ਹੋ ਸਕਦਾ ਹੈ ਕਿ ਰੀਜਨਲ ਫਾਰਮੂਲੇ ਅਨੁਸਾਰ ਜੋ ਇਲਾਕੇ ਪੰਜਾਬੀ ਬੋਲਦੇ ਮੰਨੇ ਜਾਣ ਕਰਕੇ ਪੰਜਾਬੀ ਰੀਜਨ ਵਿਚ ਆਏ ਸਨ, ਉਹ ਵੀ ਸਾਥੋਂ ਖੋਹ ਲਏ ਗਏ, ਇਹ ਕਿਥੋਂ ਦਾ ਨਿਆਂਇ ਹੈ ਕਿ ਪੰਜਾਬੀ ਬੋਲਦੇ ਲੋਕਾਂ ਨੂੰ ਹਿੰਦੀ ਬੋਲਦੇ ਲੋਕਾਂ ਨਾਲ ਨਰੜ ਕਰ ਦਿਤਾ ਜਾਏ। ਮੈਂ ਅਕਾਲੀ ਦਲ ਵਲੋਂ ਮੰਗ ਕਰਦਾ ਹਾਂ ਕਿ ਭਾਸ਼ਾਈ ਮਾਹਿਰਾਂ ਦਾ ਇਕ ਕਮਿਸ਼ਨ ਨੀਯਤ ਕੀਤਾ ਜਾਵੇ ਤੇ ਇਕ ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਬੋਲਦੇ ਪਿੰਡ ਅਥਵਾ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਅਤੇ ਚੰਡੀਗੜ੍ਹ ਤਾਂ ਪੰਜਾਬ ਦਾ ਮੰਨਿਆ ਹੀ ਗਿਆ ਹੈ, ਤੁਰੰਤ ਪੰਜਾਬ ਦੇ ਹਵਾਲੇ ਕੀਤਾ ਜਾਏ ਅਤੇ ਐਮਰਜੰਸੀ ਦੇ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਂਗਰਸੀ ਰਾਜ ਦੇ ਦੌਰਾਨ ਹੋਈ ਇਹ ਭਾਰੀ ਵਧੀਕੀ ਜਨਤਾ ਸਰਕਾਰ ਦੂਰ ਕਰੇ ਅਤੇ ਪੰਜਾਬ ਨਾਲ ਇਨਸਾਫ ਕੀਤਾ ਜਾਵੇ।

ਸਾਡੀ ਉਪਰੋਕਤ ਮੰਗ ਬਿਨਾਂ ਕਿਸੇ ਤਲਖੀ ਦੇ ਮੰਨੀ ਜਾਏ ਤਾਂ ਦੇਸ਼ ਲਈ ਇਕ ਚੰਗੀ ਮਿਸਾਲ ਹੈ, ਨਹੀਂ ਤਾਂ ਆਪਣਾ ਹੱਕ ਪ੍ਰਾਪਤ ਕਰਨ ਦਾ ਵੱਲ ਸਾਡੇ ਜਨਮ ਦਾਤਾ ਕਲਗੀਆਂ ਵਾਲੇ ਨੇ ਸਾਨੂੰ ਬਖਸ਼ਿਆ ਹੋਇਆ ਹੈ, ਅਸੀਂ ਕੁਰਬਾਨੀਆਂ ਦਾ ਰਾਹ ਅਪਨਾਉਣ ਲਈ ਮਜਬੂਰ ਹੋਵਾਂਗੇ, ਪਰ ਮੈਨੂੰ ਨਿਸਚਾ ਹੈ ਕਿ ਕੇਂਦਰੀ ਸਰਕਾਰ ਵਿਚ ਸਾਡੀ ਸਾਂਝੀਵਾਲਤਾ ਤੇ ਜਨਤਾ ਪਾਰਟੀ ਨਾਲ ਸਾਡੇ ਨਿੱਘੇ ਸਬੰਧ ਉਪਰੋਕਤ ਮਸਲਿਆਂ ਦੇ ਸਮਾਅਧਾਨ ਲਈ ਸਹਾਇਕ ਸਿਧ ਹੋਣਗੇ।

❋

## ਹੈਡ ਵਰਕਸ

ਪੰਜਾਬ ਵਿਚ ਹੈਡ ਵਰਕਸ ਦਾ ਪਰਬੰਧ ਸਾਡੀ ਜ਼ਿਮੇਵਾਰੀ ਹੈ, ਇਸ ਲਈ ਇਹਨਾਂ ਦਾ ਪਰਬੰਧ ਜਿਉਂ ਦਾ ਤਿਉਂ ਰਖਣ ਲਈ ਪੰਜਾਬ ਪੁਨਰ-ਗੰਠਨ ਐਕਟ ਵਿਚ ਲੁੜੀਂਦੀ ਸੋਧ ਕੀਤੀ ਜਾਵੇ, ਤਾਂ ਕਿ ਪੰਜਾਬ ਨਾਲ ਇਕ ਹੋਰ ਬੇਇਨਸਾਫੀ ਨਾ ਹੋ ਸਕੇ।

## ਪੰਜਾਬੀ ਬੋਲੀ

ਤਿੰਨ ਭਾਸ਼ਾਈ ਨਹਿਰੂ ਫਾਰਮੂਲੇ ਅਨੁਸਾਰ ਗੁਆਂਢੀ ਰਾਜਾਂ ਵਿਚ ਜਿਥੇ ਕਿ ਪੰਜਾਬੀ ਬੋਲੀ ਬੋਲਣ ਵਾਲੀ ਵਸੋਂ ਭਾਰੀ ਗਿਣਤੀ ਵਿਚ ਵਸਦੀ ਹੈ, ਪੰਜਾਬੀ ਬੋਲੀ ਨੂੰ ਦੂਜਾ ਅਸਥਾਨ ਮਿਲਣਾ ਚਾਹੀਦਾ ਹੈ, ਪ੍ਰੰਤੂ ਕਿਸੇ ਗੁਆਂਢੀ ਰਾਜ ਨੇ ਵੀ ਪੰਜਾਬੀ ਨੂੰ ਇਸ ਦਾ ਹੱਕੀ ਅਸਥਾਨ ਨਹੀਂ ਦਿਤਾ। ਅਕਾਲੀ ਦਲ ਮੰਗ ਕਰਦਾ ਹੈ ਕਿ ਦਿਲੀ, ਹਰਿਆਣਾ, ਹਿਮਾਚਲ ਪ੍ਰਦੇਸ, ਜੰਮੂ-ਕਸ਼ਮੀਰ ਆਦਿ ਪ੍ਰਦੇਸ਼ਾਂ ਵਿਚ ਨਹਿਰੂ ਫਾਰਮੂਲੇ ਅਨੁਸਾਰ ਪੰਜਾਬੀ ਨੂੰ ਯੋਗ ਅਸਥਾਨ ਦਿਤਾ ਜਾਵੇ ਅਤੇ ਪੰਜਾਬੀ ਭਸ਼ਾਈ ਘੱਟ ਗਿਣਤੀ ਨਾਲ ਬੋਲੀ ਦੇ ਮਾਮਲੇ ਵਿਚ ਇਨਸਾਫ ਕੀਤਾ ਜਾਵੇ।

## ਪਛੜੇ ਵਰਗ ਤੇ ਮਜ਼ਦੂਰ

ਸ਼੍ਰੋਮਣੀ ਅਕਾਲੀ ਦਲ ਆਪਣੀ ਨੀਤੀ ਅਨੁਸਾਰ ਸਦਾ ਹੀ ਪਛੜੇ ਵਰਗਾਂ, ਘਟ ਤਨਖਾਹ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ, ਕਿਸਾਨਾਂ, ਅਤੇ ਮਜ਼ਦੂਰਾਂ ਦੇ ਹਿੱਤਾਂ ਦਾ ਮੁਦਈ ਰਿਹਾ ਹੈ। ਮਜ਼ਦੂਰ ਖੇਤਰ ਵਿਚ ਤਾਂ ਅਕਾਲੀ ਦਲ ਨੇ ਕੁਝ ਠੋਸ ਸੇਵਾ ਵੀ ਆਰੰਭ ਕੀਤੀ ਹੋਈ ਹੈ। ਸੱਚ ਮੁੱਚ ਉਪਰੋਕਤ ਵਰਗ ਸਾਡੇ ਸਮੁਚੇ ਸਮਾਜ, ਪਰਦੇਸ਼ਕ ਸਰਕਾਰ ਅਤੇ ਕੇਂਦਰੀ ਸਰਕਾਰ ਦੇ ਉਚੇਚੇ ਧਿਆਨ ਦੇ ਪਾਤਰ ਹਨ। ਮੇਰਾ ਨਿਸ਼ਚਾ ਹੈ ਕਿ ਕੋਈ ਵੀ ਸਮਾਜ ਉਨਤ ਨਹੀਂ ਹੋ ਸਕਦਾ ਜਦ ਤੱਕ ਸਮਾਜ ਦੇ ਸਾਰੇ ਅੰਗ ਆਪਣੇ ਆਪਣੇ ਥਾਂ ਇਕ ਸਾਰ ਉੱਨਤ ਨ ਕੀਤੇ ਜਾਣ। ਮੈਨੂੰ ਖੁਸ਼ੀ ਹੈ ਕਿ ਪੰਜਾਬ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਦੇ ਹਿਤਾਂ ਲਈ ਕੁਝ ਚੰਗੇ ਕਦਮ ਚੁਕੇ ਹਨ ਤੇ ਹੋਰ ਕਦਮ ਚੁਕੇ ਜਾ ਰਹੇ ਹਨ।

## ਪੰਜਾਬ ਤੋਂ ਬਾਹਰ ਅਤੇ ਦੇਸ਼ ਤੋਂ ਬਾਹਰਲੇ ਵਸਦੇ ਸਿੱਖ

ਸ਼੍ਰੋਮਣੀ ਅਕਾਲੀ ਦਲ, "ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ" ਦੇ ਹੁਕਮ ਦਾ ਪਾਬੰਦ ਹੈ, ਏਸ ਲਈ ਪੰਜਾਬ ਤੋਂ ਬਾਹਰ ਵਸਦੇ ਸਿੱਖ ਅਕਾਲੀ ਦਲ ਦੇ ਧਿਆਨ ਦੇ ਪਾਤਰ ਹਨ, ਪੰਥ ਦੇ ਕਿਸੇ ਹਿਸੇ ਵਿਚ ਵੀ ਕਦੇ ਕੋਈ ਪੀੜਾ ਹੋਵੇਗੀ, ਅਕਾਲੀ ਦਲ ਉਥੇ ਪੁਜੇਗਾ, ਏਸੇ ਤਰ੍ਹਾਂ ਬਦੇਸ਼ਾਂ ਦੇ ਸਿੰਘਾਂ ਦੀਆਂ ਸਮਸਿਆਵਾਂ ਹਲ ਕਰਨ ਲਈ ਅਕਾਲੀ ਦਲ ਸਦਾ ਤਤਪਰ ਰਿਹਾ ਹੈ ਤੇ ਤਤਪਰ ਰਹੇਗਾ। ਕੇਂਦਰੀ ਸਰਕਾਰ ਦਾ ਫਰਜ਼ ਹੈ ਕਿ ਸਿਖ ਘਟ ਗਿਣਤੀ ਦੀ ਸੁਰਖਿਆ ਦਾ ਪ੍ਰਬੰਧ ਕਰੇ। ਦੂਜੇ ਸੂਬਿਆਂ ਵਿਚ ਸਿਖਾਂ ਨੂੰ ਲੋਕਲ ਬਾਡੀਜ਼ ਵਿਚ, ਨੌਕਰੀਆਂ ਵਿਚ ਤੇ ਸਰਕਾਰ ਵਿਚ ਪੂਰੀ ਪੂਰੀ ਪ੍ਰਤੀਨਿਧਤਾ ਦਿਤੀ ਜਾਣੀ ਚਾਹੀਦੀ ਹੈ।

ਮੈਂ ਕੇਂਦਰੀ ਸਰਕਾਰ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਉਹ ਸਿਖਾਂ ਦੇ ਦਿਲਾਂ ਦੀ ਧੜਕਣ ਨੂੰ ਸਮਝਣ ਦਾ ਜਤਨ ਕਰੇ, ਸਿੱਖ ਕੌਮ ਇਕ ਸ਼ਾਨਦਾਰ ਵਿਰਸੇ ਦੀ ਮਾਲਕ ਹੈ, ਇਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਲਈ ਅਤੇ ਅਜ਼ਾਦੀ ਦੀ ਬਹਾਲੀ ਲਈ ਭਰਪੂਰ ਹਿਸਾ ਪਾਇਆ ਹੈ ਤੇ ਅਜ਼ਾਦੀ ਦੀ ਪ੍ਰਾਪਤੀ ਲਈ ਸਾਰੇ ਦੇਸ਼ ਵਾਸੀਆਂ ਨਾਲੋਂ ਵਧੇਰੇ ਮੁਲ ਤਾਰਿਆ ਹੈ, ਅਰਬਾਂ ਰੁਪੈ ਦੀ ਜਾਇਦਾਦ ਅਤੇ ਜਾਨ ਤੋਂ ਪਿਆਰੇ ਗੁਰਧਾਮ ਅਸੀਂ ਪਾਕਿਸਤਾਨ ਵਿਚ ਛਡ ਆਏ ਹਾਂ. ਇਸ ਲਈ ਅਸੀਂ ਬਿਹਤਰ ਸਲੂਕ ਦੇ ਪਾਤਰ ਹਾਂ, ਐਮਰਜੰਸੀ ਦੇ ਕਾਲੇ ਬੋਲੇ ਦਿਨਾਂ ਵਿਚ ਮੈਂ ਤੇ ਮੇਰੇ ਸਾਥੀ ਸ. ਗੁਰਚਰਨ ਸਿੰਘ ਟੌਹੜਾਐਮ.ਪੀ. ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, ਸ: ਆਤਮਾ ਸਿੰਘ ਵਿਕਾਸ ਮੰਤਰੀ ਪੰਜਾਬ, ਅਤੇ ਸ: ਬਸੰਤ ਸਿੰਘ ਜੀ ਖਾਲਸਾ ਐਮ.ਪੀ. ਤੇ ਸ: ਪ੍ਰੇਮ ਸਿੰਘ ਲਾਲਪੁਰਾ ਜਨਰਲ ਸਕੱਤਰ ਸ਼ਰੋਮਣੀ ਅਕਾਲੀ ਦਲ ਇੰਦਰਾ ਗਾਂਧੀ ਦੇ ਡਿਕਟੇਟਰੀ ਰਵੱਈਏ ਵਿਰੁੱਧ ਤੇ ਲੋਕ ਰਾਜ ਦੀ ਬਹਾਲੀ ਲਈ ਜਿਹਲਾਂ ਗਏ ਸਨ ਤੇ ਉਦੋਂ ਤਕ ਜਿਹਲਾਂ ਵਿਚ ਰਹੇ ਜਦੋਂ ਤਕ ਇੰਦਰਾ ਗਾਂਧੀ ਨੇ ਆਪਣੀ ਹਾਰ ਨਾ ਮੰਨ ਲਈ,ਦੇਸ਼ ਦੇ ਹੋਰ ਨੇਤਾ ਥਾਂ ਥਾਂ ਜਾ ਕੇ ਗਰਿਫਤਾਰ ਕੀਤੇ ਗਏ ਸਨ, ਪਰ ਅਕਾਲੀ ਦਲ ਦੇ ਝੰਡੇ ਹੇਠ ਸਿੰਘ ਥਾਂ ਥਾਂ ਤੋਂ ਆ ਕੇ ਅੰਮ੍ਰਿਤਸਰ ਤੇ ਹੋਰ ਥਾਵਾਂ ਤੇ ਖ਼ੁਦ ਗਰਿਫਤਾਰੀ ਦਿੰਦੇ ਰਹੇ, ਇਸ ਅੰਦੋਲਨ ਵਿਚ 47 ਹਜ਼ਾਰ ਦੇ ਲਗ ਪਗ ਸਿੰਘਾਂ ਨੇ ਐਮਰਜੰਸੀ ਵਿਰੁਧ ਸੰਗਰਾਮ ਵਿਚ ਭਾਗ ਲਿਆ ਤੇ ਦੋ ਸਿੰਘ ਜਿਹਲ ਵਿਚ ਹੀ ਸ਼ਹੀਦੀ ਪ੍ਰਾਪਤ ਕਰ ਗਏ, ਇਸ ਮੋਰਚੇ ਨੂੰ ਉਸ ਵੇਲੇ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ, ਅਤੇ ਉਨ੍ਹਾਂ ਦੀ ਗਿਫ੍ਰਤਾਰੀ ਉਪਰੰਤ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਸਰਦਾਰੇ ਆਜ਼ਮ ਬੀਰ ਖਾਲਸਾ ਦਲ ਬੜੀ ਸਫਲਤਾ ਨਾਲ ਚਲਾਉਂਦੇ ਰਹੇ। ਉਨ੍ਹਾਂ ਦਾ ਦਾਵਾ ਸੀ ਕਿ ਜੇ ਸ਼੍ਰੀਮਤੀ ਇੰਦਰਾ ਦੀ ਐਮਰਜੈਂਸੀ ਦਸ ਸਾਲ ਤਕ ਵੀ ਜਾਰੀ ਰਹੀ ਤਾਂ ਐਂਮਰਜੈਂਸੀ ਵਿਰੁਧ ਅਕਾਲੀ ਦਲ ਦਾ ਇਹ ਮੋਰਚਾ ਦਸ ਸਾਲ ਤਕ ਹੀ ਜਾਰੀ ਰਹੇਗਾ।

ਅਕਾਲੀ ਦਲ ਨੇ ਜਿਹਲ ਵਿਚ ਹੀ ਜਨਤਾ ਪਾਰਟੀ ਦੀ ਸਿਰਜਨਾ ਦਾ ਸੁਪਨਾ ਲਿਆ ਸੀ। ਅਕਾਲੀ ਦਲ ਤੇ ਜਨਤਾ ਪਾਰਟੀ ਇਕ ਮਹਾਨ ਸੰਘਰਸ਼ ਵਿਚੋਂ ਵਿਜੈ ਪ੍ਰਾਪਤ ਕਰਕੇ ਇਕਠੇ ਹੋਏ ਸਨ, ਇਹ ਇਕੱਠ ਇਕ ਸਿਧਾਂਤਕ ਇਕੱਠ ਹੈ, ਏਸ ਲਈ ਦੇਸ਼ ਦੇ ਹਿਤਾਂ ਅਨੁਕੂਲ ਹੈ, ਜਨਤਾ ਪਾਰਟੀ ਨਾਲ ਸਾਡੀ ਸਾਂਝ ਸਿਧਾਂਤਕ ਅਤੇ ਅਸੂਲਾਂ ਦੀ ਸਾਂਝ ਹੈ, ਅਸੀਂ ਅਕਾਲੀ ਦਲ ਦੇ ਵਚਿਤਰ ਤੇ ਵਿਖਲਣੇ ਸਰੂਪ ਦੀ ਵਖਤਾ ਕਾਇਮ ਰਖਦੇ ਹੋਏ ਜਨਤਾ ਪਾਰਟੀ ਦੇ ਭਾਈਵਾਲ ਹਾਂ ਅਤੇ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਆਪਣੀ ਵਖਰੀ ਹਸਤੀ ਕਾਇਮ ਰਖਦਾ ਹੋਇਆ ਜਨਤਾ ਪਾਰਟੀ ਨਾਲ ਆਪਣੀ ਭਾਈਵਾਲੀ ਨਿਭਾਏਗਾ ਜਿੱਨ੍ਹਾਂ ਚਿਰ ਜਨਤਾ ਪਾਰਟੀ ਆਪਣੇ ਆਦਰਸ਼ ਉਤੇ ਕਾਇਮ ਰਹੇਗੀ।

ਖਾਲਸਾ ਜੀ ! ਅਕਾਲੀ ਦਲ ਭਾਵੇਂ ਸਰਕਾਰ ਵਿਚ ਸ਼ਾਮਲ ਹੋਵੇ ਜਾਂ ਆਪੋਜ਼ੀਸ਼ਨ ਵਿਚ ਰਹਿ ਕੇ ਕੰਮ ਕਰੇ, ਸ਼੍ਰੋਮਣੀ ਅਕਾਲੀ ਦਲ ਅਪਣੇ ਮਨੋਰਥਾਂ ਵਲ ਬਿਨਾਂ ਰੋਕ ਟੋਕ ਵਧਦਾ ਰਹੇਗਾ, ਸਰਕਾਰੀ ਪਦਵੀਆਂ ਸਾਡੇ ਰਸਤੇ ਵਿਚ ਹਾਇਲ ਨਹੀਂ ਹੋ ਸਕਦੀਆਂ ਵਜ਼ਾਰਤ ਤਾਂ ਕੇਵਲ ਨਿਸ਼ਾਨੇ ਤੇ ਅਪੜਣ ਲਈ ਇਕ ਸਾਧਨ ਹੈ, ਵਜ਼ਾਰਤ ਸਾਡਾ ਨਿਸ਼ਾਨਾ ਨਹੀਂ ਹੈ, ਇਸ ਲਈ ਖਾਲਸਾ ਪੰਥ ਸਦਾ ਸ੍ਰੀ ਅਨੰਦਪੁਰ ਸਾਹਿਬ ਤੋਂ ਸੇਧ ਪ੍ਰਾਪਤ ਕਰਦਾ ਰਹੇਗਾ । ਜਿਥੇ ਪੰਥ ਦੇ ਵਾਲੀ ਨੇ ਖਾਲਸਾ ਪੰਥ ਸਾਜਿਆ ਸੀ, ਸਾਡਾ ਨਿਸ਼ਾਨਾ ਕੋਈ ਲੁਕਵਾਂ ਨਹੀਂ ਹੈ । ਸਾਡਾ ਨਿਸ਼ਾਨਾ ਕੋਈ ਭੁਲੇਖਾ ਪਾਊ ਨਹੀਂ ਹੈ, ਅਕਾਲੀ ਦਲ ਦਾ ਨਿਸ਼ਾਨਾ ਉਹੋ ਹੈ ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਰਕਿੰਗ ਕਮੇਟੀ ਵਲੋਂ ਉਲੀਕਿਆ ਗਿਆ ਤੇ 28-8-77 ਵਿਚ ਜਨਰਲ ਸਮਾਗਮ ਵਲੋਂ ਪ੍ਰਵਾਨ ਕੀਤਾ ਗਿਆ ਹੈ । ਅਸੀਂ ਅਜਿਹਾ ਮਾਹੌਲ ਬਨਾਉਣਾ ਚਾਹੁੰਦੇ ਹਾਂ ਜਿਥੇ ਸਿੱਖੀ ਜਜ਼ਬਾ ਪ੍ਰਫੁਲਤ ਹੋ ਸਕੇ, ਖਾਲਸਾ ਪੰਥ ਸਰਬਤ ਦੇ ਭਲੇ ਲਈ ਅਰਦਾਸ ਕਰਦਾ ਹੈ, ਹਰ ਜ਼ੁਲਮ ਤੇ ਅਨਿਆਇ ਦੇ ਖਿਲਾਫ ਲੜਦਾ ਰਿਹਾ ਹੈ ਅਤੇ ਲੜਦਾ ਰਹੇਗਾ, ਏਸ ਲਈ ਸ਼ਕਤੀਸ਼ਾਲੀ ਖਾਲਸਾ, ਸਰਬਤ ਦੇ ਭਲੇ ਲਈ ਪਹਿਰਾ ਦੇਵੇਗਾ ਸਿੰਘੋ ! ਹਰ ਔਕੜ ਸਮੇਂ ਦਸਮ ਪਾਤਸ਼ਾਹ ਦਾ ਪੱਲਾ ਫੜਕੇ ਰਖੋ, ਪੰਥ ਦਾ ਵਾਲੀ ਆਪ ਆਪਣੇ ਲਾਡਲੇ ਪੰਥ ਦਾ ਰਾਖਾ ਹੈ, ਖਾਲਸਾ ਪੰਥ ਨੇ ਬਹੁਤ ਹਨੇਰੀਆਂ ਵੇਖੀਆਂ ਤੇ ਅਨੇਕ ਤੂਫ਼ਾਨ ਝੱਲੇ ਹਨ, ਪਰ ਹਰ ਵਾਰ ਇਹ ਹਰ ਇਕ ਪ੍ਰੀਖਿਆ ਵਿਚੋਂ ਕੁੰਦਨ ਬਣ ਕੇ ਨਿਕਲਿਆ ਹੈ, ਸੋ ਖਾਲਸਾ ਜੀ ! ਤਿਆਰ ਬਰ ਤਿਆਰ ਰਹੋ, ਤੇ ਸਿਖੀ ਨੂੰ ਆਪਣਾ ਨਿਸ਼ਾਨਾ ਸਮਝੋ, ਸਿੱਖੀ ਦੀ ਦਾਤ ਨਾਲ ਪਿਆਰ ਕਰੋ, ਮੈਂ ਅਨੁਭਵ ਕਰਦਾ ਹਾਂ ਕਿ ਸਿੱਖ ਹੋਣਾ ਇਕ ਗੌਰਵ ਤੇ ਮਾਣ ਦੀ ਗੱਲ ਹੈ, ਇਸ ਲਈ ਆਪਾਂ ਗੌਰਵਮਈ ਜੀਵਨ ਜੀਵੀਏ ।

ਥਾਂ ਥਾਂ ਤੇ ਧਾਰਮਕ ਵਿਦਿਆ ਦਾ ਪ੍ਰਚਾਰ ਕਰੋ, ਅੰਮ੍ਰਿਤ ਪ੍ਰਚਾਰ ਸਮਾਗਮਾਂ ਦੀ ਥਾਂ ਥਾਂ ਪਰਪਾਟੀ ਪਾਈ ਜਾਏ, ਗੁਰਬਾਣੀ ਨਾਲ ਪਿਆਰ ਤੇ ਰਹਿਤ-ਬਹਿਤ ਵਿਚ ਪਰਪਕਤਾ ਹੀ ਸਾਡੇ ਰੋਗਾਂ ਦਾ ਇਕੋ ਮਾਤਰ ਇਲਾਜ ਹੈ । ਗੁਰਬਾਣੀ ਦੇ ਕੀਰਤਨ ਦੇ ਆਸ਼ਕਾਂ ਦੀ ਮੰਗ ਸੀ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਕੀਰਤਨ ਬਰਾਡਕਾਸਟ ਹੋਇਆ ਕਰੇ ਤੇ ਦੁਨੀਆਂ ਦੇ ਕੋਨੇ ਕੋਨੇ ਬੈਠਾ ਸਿੱਖ ਕੀਰਤਨ ਨਾਲ ਨਿਹਾਲ ਹੋ ਸਕੇ, ਮੈਂ ਹੈਰਾਨ ਹਾਂ ਕੇਂਦਰੀ ਸਰਕਾਰ ਨੂੰ ਇਸ ਮਾਕੂਲ ਮੰਗ ਪ੍ਰਵਾਨ ਕਰਨ ਵਿਚ ਕੀ ਔਖ ਹੈ, ਤੰਗ ਦਿਲੀ ਤੋਂ ਉਤਾਹਾਂ ਉਠ ਕੇ ਕੇਂਦਰੀ ਸਰਕਾਰ ਨੂੰ ਇਸ ਮੰਗ ਤੇ ਵਿਚਾਰ ਕਰਨੀ ਚਾਹੀਦੀ ਹੈ ਜਦੋਂ ਕਿ ਇਸ ਪ੍ਰੋਜੈਕਟ ਲਈ ਖਰਚਾ ਸਿਖ ਕੌਮ ਦਾ ਅਤੇ ਕੰਟਰੋਲ ਕੇਂਦਰੀ ਸਰਕਾਰ ਪਾਸ ਹੋਵੇਗਾ ।

ਮੁਕਦੀ ਗੱਲ ਇਹ ਹੈ ਕਿ ਸਰਕਾਰ ਸਿਖਾਂ ਨਾਲ ਹਰ ਖੇਤਰ ਵਿਚ ਇਨਸਾਫ ਕਰੇ, ਤੇ ਕਦੇ ਵੀ ਵਿਤਕਰੇ ਦੀ ਸ਼ਿਕਾਇਤ ਦਾ ਮੌਕਿਆ ਨ ਦੇਵੇ ।

## ਲੀਡਰਾਂ ਦੀ ਯਾਦਗਾਰ

ਸੁਆਗਤੀ ਭਾਸ਼ਨ ਵਿਚ ਮਹਾਨ ਸਿਖ ਨੇਤਾਵਾਂ ਦੀ ਯਾਦਗਾਰ ਦਾ ਜ਼ਿਕਰ ਕੀਤਾ ਗਿਆ। ਮੈਨੂੰ ਇਹ ਦਸਣ ਵਿਚ ਮਾਣ ਹੈ ਕਿ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਅਤੇ ਸੰਤ ਬਾਬਾ ਫਤਹਿ ਸਿੰਘ ਅਤੇ ਹੋਰ ਲੀਡਰਾਂ ਦੀ ਯਾਦਗਾਰ ਕਾਇਮ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਖੇ ਲੋੜੀਂਦੀ ਥਾਂ ਪ੍ਰਾਪਤ ਕਰ ਲਈ ਗਈ ਹੈ, ਅਤੇ ਉਪਰੋਕਤ ਮਨੋਰਥ ਲਈ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ ਮੈਮੋਰੀਅਲ ਟਰਸੱਟ ਬਣਾ ਦਿਤਾ ਗਿਆ ਹੈ ਮੈਂ ਇਸ ਸਮਾਗਮ ਵਿਚ ਜੁੜੀਆਂ ਸੰਗਤਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਬਹੁਤ ਸ਼ੀਘਰ ਉਪਰੋਕਤ ਲੀਡਰਾਂ ਦੀ ਢੁਕਵੀਂ ਯਾਦਗਾਰ ਜੋ ਸ਼੍ਰੋਮਣੀ ਅਕਾਲੀ ਦਲ ਦੇ ਹੈਡ ਆਫ਼ਿਸ ਸਬੰਧਤ ਦਫਤਰ ਔਡੀਟੋਰੀਅਮ ਮੀਟਿੰਗ ਹਾਲ ਲਾਇਬ੍ਰੇਰੀਆਂ ਆਦਿ ਦਾ ਕੰਮ ਅਰੰਭ ਕਰ ਦਿਤਾ ਜਾਵੇਗਾ। ਇਸ ਕਾਰਜ ਲਈ ਇਕ ਵਖਰਾ ਫੰਡ ਖੋਲ ਦਿਤਾ ਗਿਆ ਹੈ।

ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਸ਼ਰੋਮਣੀ ਅਕਾਲੀ ਦਲ ਨੇ ਆਪਣਾ ਇਕ ਦੈਨਿਕ ਪੰਜਾਬੀ ਅਖਬਾਰ ਚਾਲੂ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਸ ਲਈ ਮੁਢਲੀ ਤਿਆਰੀ ਹੋ ਚੁਕੀ ਹੈ। ਸਤਿਗੁਰੂ ਕਿਰਪਾ ਕਰਨ ਅਤੇ ਸੰਗਤਾਂ ਮਿਲਵਰਤਨ ਦੇਣ ਤਾਂ ਉਪਰੋਕਤ ਕਾਰਜ ਨੇਪਰੇ ਚੜ੍ਹ ਸਕਣਗੇ।

## ਸਾਡਾ ਚੋਣ ਪੱਤਰ

ਸ਼ਰੋਮਣੀ ਅਕਾਲੀ ਦਲ ਦੇ ਚੋਣ ਪੱਤਰ ਵਿਚ ਪੰਜਾਬੀਆਂ ਨਾਲ ਜੋ ਵਚਨ ਕੀਤੇ ਗਏ ਹਨ, ਉਨ੍ਹਾਂ ਸਬੰਧੀ ਮੈਨੂੰ ਇਹ ਕਹਿਣ ਵਿਚ ਮਾਣ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਛੱਤਰ ਛਾਇਆ ਹੇਠ ਬਣੀ ਅਕਾਲੀ-ਜਨਤਾ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਪੱਤਰ ਵਿਚ ਕੀਤੇ ਗਏ ਭਰੋਸਿਆਂ ਉਤੇ ਕਾਫੀ ਤੋਂ ਜ਼ਿਆਦਾ ਸਫਲਤਾ ਥੋੜੇ ਸਮੇਂ ਵਿਚ ਹੀ ਪ੍ਰਾਪਤ ਕਰ ਲਈ ਹੈ। ਪੇਂਡੂ ਜੀਵਨ ਉਨਤ ਕਰਨ ਲਈ ਬਹੁ ਪੱਖੀ ਪੇਂਡੂ ਵਿਕਾਸ ਯੋਜਨਾ 302 ਸੌ ਕਰੋੜ ਰੁਪੈ ਦੀ ਲਾਗਤ ਨਾਲ ਇਕ ਅਜਿਹਾ ਰੀਸ ਕਰਨ ਯੋਗ ਉਦਮ ਹੈ, ਜੋ ਸਾਰੇ ਦੇਸ਼ ਵਿਚੋਂ ਕੇਵਲ ਪੰਜਾਬ ਵਿਚ ਲਾਗੂ ਕੀਤਾ ਗਿਆ ਹੈ। ਬਿਜਲੀ ਆਦਿ ਵਿਚ ਰਿਆਇਤਾਂ ਦੇਣੀਆਂ ਕਿਸਾਨ ਦੀ ਹਮਦਰਦੀ ਲਈ ਚੰਗਾ ਕੰਮ ਹੈ।

ਸਹਿਕਾਰੀ ਕਰਜਿਆਂ ਦੇ ਸੂਦ ਦਾ ਰੇਟ ਘਟਾਇਆ ਗਿਆ ਹੈ। ਸਹਿਕਾਰੀ ਕਰਜਿਆਂ ਦੀ ਵਸੂਲੀ ਵਿਚ ਲੁਟ ਘਸੁਟ ਨੂੰ ਖਤਮ ਕਰਨ ਲਈ ਕਿਸਾਨਾਂ ਨੂੰ ਪਾਸ-ਬੁਕਾਂ ਜਾਰੀ ਕਰਨਾ, ਖਾਦ ਦੀਆਂ ਕੀਮਤਾਂ ਵਿਚ ਮਾਲੀ ਰਿਆਇਤ ਦੇਣੀ, ਬਿਜਲੀ ਦੇ ਫਲੈਟ ਰੇਟ ਘਟਾਣੇ ਅਤੇ ਬਿਜਲੀ ਸਪਲਾਈ ਵਿਚ ਵਾਧਾ ਕਰਨਾ, ਖਾਲੇ ਤੇ ਰਜਵਾਹੇ ਪੱਕੇ ਕਰਨਾ, ਪੰਜਾਬ ਵਿਚ ਸੇਮ ਤੇ ਕੱਲਰ ਜਮੀਨ ਦਾ ਮਸਲਾ ਹਲ ਕਰਨ ਲਈ ਵੱਡੀ ਯੋਜਨਾ

ਤਿਆਰ ਕਰਨੀ, ਅਜਿਹੇ ਕੰਮ ਹਨ ਜਿਨ੍ਹਾਂ ਲਈ ਮੈਂ ਸਰਕਾਰ ਦੀ ਪ੍ਰਸ਼ੰਸਾ ਕਰਦਾ ਹਾਂ। ਕੰਡੀ ਏਰੀਏ ਦੇ ਲੋਕਾਂ ਲਈ ਪਾਣੀ ਦਾ ਪ੍ਰਬੰਧ ਕਰਨਾ ਅਤੇ ਹਰ ਪਿੰਡ ਨੂੰ ਸੜਕ ਨਾਲ ਜੋੜਨਾ; ਚੰਗੇ ਕੰਮ ਹਨ। ਇਸੇ ਤਰ੍ਹਾਂ ਮੈਂ ਕੇਂਦਰੀ ਸਰਕਾਰ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਉਨ੍ਹਾਂ ਨੇ ਕਣਕ ਅਤੇ ਝੋਨੇ ਦੇ ਰੇਟ ਵਿਚ ਮੁਨਾਸਿਬ ਵਾਧਾ ਕਰਕੇ ਕਿਸਾਨ ਨੂੰ ਇਨਸਾਫ ਦੇਣ ਦਾ ਥੋੜਾ ਬਹੁਤ ਉਦਮ ਕੀਤਾ ਹੈ, ਉਥੇ ਮੈਨੂੰ ਇਸ ਗਲ ਦਾ ਬੜਾ ਦੁਖ ਹੈ ਕਿ ਕਪਾਹ ਤੇ ਨਰਮਾਂ ਦੇ ਰੇਟ ਬਹੁਤ ਨਾਂ-ਮੁਨਾਸਿਬ ਦਿਤੇ ਜਾ ਰਹੇ ਹਨ, ਬਲਕਿ ਮੈਨੂੰ ਖੇਦ ਹੈ ਕਿ ਪੰਜ਼ਾਬ ਦੀਆਂ ਮੰਡੀਆਂ ਵਿਚ ਚਾਂਦੀ ਰੁਲ ਰਹੀ ਹੈ ਤੇ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਆਪਣੇ ਫਰਜ ਨੂੰ ਨਹੀਂ ਨਭਾ ਰਹੀ ਅਤੇ ਕੁੰਭ ਕਰਨ ਦੀ ਨੀਂਦ ਸੁਤੀ ਪਈ ਹੈ। ਕੇਂਦਰੀ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਵਿਖੇ 400 ਸਾਲਾ ਸਥਾਪਨਾ ਦਿਵਸ ਦੇ ਸਮਾਗਮ ਵਿਚ ਪੰਜਾਬ ਨੂੰ ਛੇ ਖੰਡ ਮਿਲਾਂ ਦੇਣ ਦਾ ਵਚਨ ਕੀਤਾ ਸੀ ਮੈਂ ਭਾਰਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣਾ ਮੁਖ ਵਚਨ ਪੂਰਾ ਕਰੇ।

ਥੀਨ ਡੈਮ ਦੀ ਉਸਾਰੀ ਦੀ ਕਲੀਐਂਰਸ ਲੈ ਕੇ ਕੰਮ ਚਾਲੂ ਕਰਨਾ ਵੀ ਪੰਜਾਬ ਸਰਕਾਰ ਦੀ ਇਕ ਸ਼ਲਾਘਾ ਯੋਗ ਪ੍ਰਾਪਤੀ ਹੈ ਅਤੇ ਇਸ ਸਬੰਧ ਵਿਚ ਮੈਂ ਕੇਂਦਰੀ ਸਰਕਾਰ ਅਤੇ ਬਾਦਲ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਸੇ ਤਰ੍ਹਾਂ ਮੈਨੂੰ ਆਸ ਹੈ ਕਿ ਸਰਬ ਹਿੰਦ ਗੁਰਦੁਆਰਾ ਐਕਟ ਵੀ ਕਾਨੂੰਨ ਦਾ ਰੂਪ ਧਾਰਨ ਕਰ ਲਵੇਗਾ। ਇਸ ਨਾਲ ਦੇਸ਼ ਦੇ ਸਾਰੇ ਗੁਰਦੁਆਰੇ ਇਕ ਪ੍ਰਬੰਧਕ ਲੜੀ ਵਿਚ ਅਤੇ ਸਾਰੇ ਦੇਸ਼ ਦੇ ਸਿੱਖ ਇਕ ਧਾਰਮਕ ਲੜੀ ਵਿਚ ਪਰੁਤ ਜਾਣਗੇ ਅਤੇ ਇਹ ਸਿਖ ਪੰਥ ਦੀ ਇਕ ਵੱਡੀ ਪ੍ਰਾਪਤੀ ਹੋਵੇਗੀ। ਸ਼ਹਿਰੀ ਵਿਕਾਸ ਲਈ ਸੀਵਰਜ ਅਤੇ ਵਾਟਰ ਸਪਲਾਈ ਯੋਜਨਾਂਵਾਂ ਬੜੀ ਤੇਜ਼ੀ ਨਾਲ ਲਾਗੂ ਕੀਤੀਆਂ ਜਾ ਰਹੀਆਂ ਹਨ। ਸਰਕਾਰੀ ਮੁਲਾਜਮ ਵਰਗ ਦੇ ਹਿੱਤਾਂ ਨੂੰ ਮੁਖ ਰਖਦੇ ਹੋਏ ਸਾਡੀ ਸਰਕਾਰ ਨੇ ਰਾਜ ਸਤਾ ਸੰਭਾਲਦਿਆਂ ਹੀ ਇਕ ਪੇ-ਕਮਿਸ਼ਨ ਨੀਯਤ ਕਰ ਦਿਤਾ ਹੈ। ਪਛੜੇ ਵਰਗ ਦੇ ਵੀਰਾਂ ਲਈ ਸ਼ਹਿਰਾਂ ਵਿਚ ਮੁਫਤ ਪਲਾਟ ਦੇਣਾ ਵੀ ਸ਼ਲਾਘਾ ਯੋਗ ਕੰਮ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਪਛੜੇ ਵੀਰਾਂ ਨੂੰ ਸਰਕਾਰੀ ਖਰਚ ਤੇ ਪੱਕੇ ਮਕਾਨ ਬਣਾ ਕੇ ਦੇਣਾ, ਬੇਰੁਜਗਾਰੀ ਦੂਰ ਕਰਨ ਲਈ ਛੋਟੇ ਧੰਦੇ ਆਰੰਭ ਕਰਨ ਲਈ ਥੋੜੇ ਵਿਆਜ਼ ਤੇ ਕਰਜ ਦੇਣ, ਪੜ੍ਹੇ ਲਿਖੇ ਬੇਰੁਜ਼ਗਾਰ ਪਛੜੇ ਵਰਗਾਂ ਦੇ ਬੱਚਿਆਂ ਨੂੰ ਬਿਨਾਂ ਸੂਦ ਕਰਜਾ ਦੇਣਾ ਅਤੇ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਪ੍ਰਾਪਤੀ ਲਈ ਜਾਣ ਲਈ ਬਿਨਾਂ ਸੂਦ ਟਿਕਟ ਲੈ ਕੇ ਦੇਣਾ ਅਤੇ ਧਰਮਸ਼ਾਲਾ ਲਈ ਸੱਤ ਹਜ਼ਾਰ ਤੋਂ 10 ਹਜਾਰ ਦੀ ਰਕਮ ਪਰਵਾਨ ਕਰਨਾ ਬਹੁਤ ਹੀ ਸ਼ਲਾਘਾ ਯੋਗ ਕੰਮ ਹੈ। ਮੈਨੂੰ ਆਸ ਹੈ ਕਿ ਸਰਕਾਰ ਤੇਜ਼ੀ ਨਾਲ ਬਾਕੀ ਰਹਿੰਦਾ ਵਚਨ ਵੀ ਪੂਰਾ ਕਰੇਗੀ।

ਮੈਂ ਪੰਜਾਬ ਵਾਸੀ ਵੀਰਾਂ ਨੂੰ ਆਮ ਕਰਕੇ ਤੇ ਪਿੰਡਾਂ ਦੇ ਸਿੱਖ ਵੀਰਾਂ ਨੂੰ ਖਾਸ ਕਰਕੇ ਕਹਿਣਾ ਚਾਹੁੰਦਾ ਹਾਂ ਕਿ ਬੇਸ਼ਕ ਕਲਗੀਧਰ ਪਾਤਸ਼ਾਹ ਨੇ ਸਿੱਖੀ ਵਿਚ ਜਾਤ ਪਾਤ ਤੇ ਛੂਤ ਛਾਤ ਅਥਵਾ ਛੂਹਾ ਛਾਤ ਆਦਿ ਦੀਆਂ ਸਮਾਜਿਕ ਬਿਮਾਰੀਆਂ ਨੂੰ ਪਵਿੱਤਰ ਅੰਮ੍ਰਿਤ ਦੀ

ਦਾਤ ਬਖਸ਼ ਕ ਜੜੋਂ ਪੁਟਿਆ ਹੈ। ਪਰ ਖੇਦ ਦੀ ਗਲ ਹੈ ਕਿ ਮਨੂੰਵਾਦ ਦਾ ਮਨਹੂਸ ਸਾਇਆ ਹਾਲਾਂ ਵੀ ਸਾਡੇ ਦਿਮਾਗਾਂ ਤੇ ਸਵਾਰ ਹੈ। ਪਿੰਡ ਵਿਚ ਵਸਦੇ ਬੇ-ਜ਼ਮੀਨੇ ਵੀਰ, ਜਿਹੜੇ ਕੋਈ ਵੀ ਧੰਦਾ ਕਰਨ ਵਾਲੇ ਹਨ ਉਹਨਾਂ ਲਈ ਪਿੰਡ ਦਾ ਹਰ ਸਿੱਖ ਕਿਸਾਨ ਆਪਣੀ ਜ਼ਿੰਮੇਵਾਰੀ ਸਮਝੇ ਕਿ ਇਸ ਧਰਤੀ ਦੀ ਮਾਲਕੀ ਦਾ ਹੰਕਾਰ ਛਡ ਕੇ ਤੁਸੀਂ ਇਹ ਸਚਾਈ ਤਸਲੀਮ ਕਰੋ ਕਿ ਪਿੰਡ ਵਿਚ ਵਸਦੇ ਗਰੀਬ ਵਰਗ ਦੇ ਵੀਰਾਂ ਨੇ ਪਿੰਡ ਦੀਆਂ ਪੈਲੀਆਂ ਵਿਚੋਂ ਹੀ ਆਪਣਾ ਅਤੇ ਪਸ਼ੂਆਂ ਦਾ ਪੇਟ ਭਰਨਾ ਹੈ ਅਤੇ ਆਪਣੇ ਚੁਲੇ ਨੂੰ ਧੁਖਾਉਣ ਦਾ ਕੰਮ ਕਰਨਾ ਹੈ। ਇਹ ਸਚਾਈ ਤੁਹਾਨੂੰ ਖਿੜੇ ਮੱਥੇ ਪਰਵਾਨ ਕਰਨੀ ਚਾਹੀਦੀ ਹੈ ਅਤੇ ਕਲਗੀਧਰ ਪਾਤਸ਼ਾਹ ਦੀਆਂ ਇਹ ਖੁਸ਼ੀਆਂ ਲੈਣੀਆਂ ਚਾਹੀਦੀਆਂ ਹਨ। ਪਿੰਡ ਦੀ ਭਾਈਚਾਰਕ ਏਕਤਾ ਨੂੰ ਹਰ ਹਾਲਤ ਵਿਚ ਕਾਇਮ ਰਖਣਾ, ਪਿਆਰੇ ਵੀਰੋ ਤੁਹਾਡਾ ਜ਼ਰੂਰੀ ਫਰਜ਼ ਹੈ।

# ਖਾਲਸਾ ਪੰਥ ਨੂੰ ਅਪੀਲ

ਪਿਆਰੇ ਖਾਲਸਾ ਜੀਓ। ਅਸੀਂ ਸਾਹਿਬ ਕਲਗੀਧਰ ਪਾਤਸ਼ਾਹ ਦੇ ਸਿੰਘ ਹਾਂ, ਤੇ ਖਾਲਸਾ ਪੰਥ ਗੁਰੂ ਰੂਪ ਹੈ। ਮਹਾਰਾਜ ਨੇ ਆਪ ਵੀ ਫਰਮਾਇਆ ਹੈ ਕਿ

"ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੈ ਹਉ ਕਰੋ ਨਿਵਾਸ"

ਇਸ ਲਈ ਸਾਡੇ ਸਿਰ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋਣ ਦੀ ਜ਼ੁੰਮੇਵਾਰੀ ਹੈ, ਜਿਥੇ ਕਿਤੇ ਵੀ ਸਿੱਖ ਵਸਦਾ ਹੈ, ਉਹ ਸਿੱਖੀ ਜੀਵਨ ਬਤੀਤ ਕਰੇ, ਸਿੱਖੀ ਦੀ ਦਾਤ ਨੂੰ ਸਾਂਭ ਕੇ ਰਖੇ, ਸਿੱਖ ਨੌਜਵਾਨਾਂ ਨੂੰ ਮੇਰਾ ਖਾਸ ਤੌਰ ਤੇ ਕਹਿਣਾ ਹੈ ਕਿ ਉਹ ਆਪਣੇ ਬਹੁਮੁਲੇ ਵਿਰਸੇ ਦੀ ਕਦਰ ਕਰਨ ਤੇ ਸਿੱਖੀ ਦੇ ਦਾਇਰੇ ਵਿਚ ਰਹਿਣ, ਅੰਮ੍ਰਿਤ ਪਾਨ ਕਰਨ, ਨਾਮ ਜਪਣ, ਕ੍ਰਿਤ ਕਰਨ ਤੇ ਵੰਡ ਛਕਣ ਦੇ ਅਸੂਲ ਦੇ ਧਾਰਣੀ ਰਹਿਣ। ੧ਓ ਦੀ ਇਕਾਈ ਅਥਵਾ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਸਾਡਾ ਕੇਂਦਰ ਹੈ। ਸਾਨੂੰ ਸਦਾ ਚੇਤੇ ਰਹੇ ਕਿ

ਕੌਮੋਂ ਕੇ ਲੀਏ ਮੌਤ ਹੈ, ਮਰਕਸ ਸੇ ਜੁਦਾਈ,
ਹੋ ਸਾਹਿਬਿ ਮਰਕਸ, ਤੋ ਖੁਦੀ ਕਿਆ ਹੈ ਖੁਦਾਈ।

ਅੰਤ ਵਿਚ ਮੈਂ ਸੁਵਾਗਤ ਕਮੇਟੀ ਦਾ ਧੰਨਵਾਦੀ ਹਾਂ ਜਿਸ ਨੇ ਐਡੇ ਵੱਡੇ ਸਮਾਗਮ ਦਾ ਏਨਾ ਸੁੰਦਰ ਪ੍ਰਬੰਧ ਕੀਤਾ ਹੈ ।

ਮੈਨੂੰ ਆਸ ਹੈ ਕਿ ਸਮੂਹ ਡੈਲੀਗੇਟ, ਤੇ ਹਰ ਮਾਈ ਭਾਈ ਅਕਾਲੀ ਦਲ ਦੀ ਕਾਨਫਰੰਸ ਦੇ ਇਸ ਅਠਾਰਵੇਂ ਸਮਾਗਮ ਤੋਂ ਨਵਾਂ ਸਿੱਖੀ ਜਜ਼ਬਾ ਤੇ ਸਿੱਖੀ ਸਪਿਰਟ ਲੈ ਕੇ ਜਾਏਗਾ ਤਾਂ ਕਿ ਆਉਣ ਵਾਲੇ ਬਿਖਮ ਹਾਲਾਤ ਦਾ ਅਸੀਂ ਸਿੱਖੀ ਸਿਦਕ ਤੇ ਦ੍ਰਿੜ੍ਹਤਾ ਨਾਲ ਟਾਕਰਾ ਕਰਦੇ ਹੋਏ ਆਪਣੇ ਨਿਸ਼ਾਨੇ ਦੀ ਪੂਰਤੀ ਵਲ ਵਧ ਸਕੀਏ ।

ਗੁਰਮਤਿ ਦੀ ਰੌਸ਼ਨੀ ਅਤੇ ਗੁਰ-ਇਤਿਹਾਸ ਦੇ ਆਧਾਰ ਉਤੇ ਅਕਾਲੀ ਦਲ ਦਾ ਨਿਸਚਾ ਹੈ ਕਿ ਸਿੱਖ ਧਰਮ ਵਿਚ ਰਾਜਨੀਤੀ ਤੇ ਧਰਮ ਅਡ ਅਡ ਨਹੀਂ ਕੀਤੇ ਜਾ ਸਕਦੇ, ਪ੍ਰਸਿਧ ਕਵੀ ਇਕਬਾਲ ਨੇ ਵੀ ਏਸ ਤੱਥ ਦੀ ਪ੍ਰੋੜ੍ਹਤਾ ਕੀਤੀ ਹੈ :

ਜਲਾਲਿ-ਏ-ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ ।
ਜੁਦਾ ਹੋ ਦੀ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ ।

ਅੰਤ ਵਿਚ ਮੈਂ ਉਨ੍ਹਾਂ ਸਮੂਹ ਜ਼ੁਮੇਵਾਰਾਂ, ਅਕਾਲੀ ਵਰਕਰਾਂ, ਸੁਆਗਤ ਕਮੇਟੀ ਦੇ ਮੈਂਬਰਾਂ ਅਤੇ ਸਮੁਚੇ ਪੰਥ ਦਾ ਧੰਨਵਾਦ ਕਰਦਾ ਹਾਂ; ਜਿਨ੍ਹਾਂ ਨੇ ਇਸ ਮਹਾਨ ਕਾਨਫਰੰਸ ਦੀ ਸਫਲਤਾ ਲਈ ਦਿਨ ਰਾਤ ਲਗ ਕੇ ਸ਼ਲਾਘਾ ਯੋਗ ਉਪਰਾਲਾ ਕੀਤਾ ਹੈ। ਅਕਾਲ ਪੁਰਖ ਵਾਹਿਗੁਰੂ ਸਾਡੀ ਸਹਾਇਤਾ ਕਰੇ । ਇਸ ਨਾਹਰੇ ਨਾਲ ਮੈਂ ਆਪਣਾ ਭਾਸ਼ਨ ਸਮਾਪਤ ਕਰਦਾ ਹਾਂ ।

"ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ ।"

ਦੇਗ ਤੇਗ ਫ਼ਤਹਿ ॥ ਪੰਥ ਕੀ ਜੀਤ ॥ ਅੜੇ ਸੋ ਝੜੇ ॥

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰੂ ਪੰਥ ਦਾ ਦਾਸ—
ਜਗਦੇਵ ਸਿੰਘ ਤਲਵੰਡੀ
ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ

ਰਣਧੀਰ ਸਿੰਘ ਨਗਰ,
ਲੁਧਿਆਣਾ ।
28-10-1978

ਜੀ. ਐਸ. ਪ੍ਰਿੰਟਰਜ਼ ਡਾ: ਗੁਜਰਮਲ ਰੋਡ ਲੁਧਿਆਣਾ ਫ਼ੋਨ 29237

# ਸ਼੍ਰੋਮਣੀ ਅਕਾਲੀ ਦਲ ਦਾ ਪ੍ਰੋਗਰਾਮ

ਕ੍ਰਿਤ ਕਰੋ—ਨਾਮ ਜਪੋ

ਤੇ

ਵੰਡ ਛਕੋ

ਸਰਬੱਤ ਦਾ ਭਲਾ—ਸਾਡੀ ਅਰਦਾਸ

ਸ਼ਰੋਮਣੀ ਅਕਾਲੀ ਦਲ ਇਕ ਅਗਾਂਹ ਵਧੂ ਜਮਾਤ ਹੈ
ਜਿਸ ਦਾ 58 ਸਾਲਾ
ਇਤਿਹਾਸ, ਦੇਸ਼ ਭਗਤੀ, ਕੁਰਬਾਨੀ, ਤਿਆਗ, ਤਪੱਸਿਆ
ਤੇ ਸ਼ਹੀਦੀਆਂ ਦਾ ਇਤਿਹਾਸ ਹੈ ।

ਐਮਰਜੈਂਸੀ ਦੇ ਦੌਰਾਨ ਸ਼ਰੋਮਣੀ ਅਕਾਲੀ ਦਲ ਨੇ
ਲੋਕ-ਰਾਜ ਦੀ ਰਾਖੀ ਲਈ ਸਾਰੇ ਦੇਸ਼ ਦੀ
ਅਗਵਾਈ ਕੀਤੀ ਹੈ ।